# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਤੀਜਾ — ਪੰਜਾਬੀ ਲਾਜ਼ਮੀ

ਸਮੈਸਟਰ ਛੇਵਾਂ

ਮੀਡੀਅਮ : ਪੰਜਾਬੀ — ਯੂਨਿਟ : 1

ਪਾਠ ਨੰ.

## ਪੁਸਤਕ : ਲੋਕਧਾਰਾ ਦੀ ਭੂਮਿਕਾ

1.1 : *ਲੋਕਧਾਰਾ : ਪਰਿਭਾਸ਼ਾ ਅਤੇ ਲੱਛਣ, ਪੰਜਾਬ ਦਾ ਪਿੰਡ : ਮੋੜ੍ਹੀ ਗੱਡਣ ਤੋਂ ਮੁਰੱਬੇਬੰਦੀ ਤੱਕ ਅਤੇ ਗਰਾਮ ਦਿਉਤੇ ਲੇਖਾਂ ਦਾ ਸਾਰ ਅਤੇ ਵਿਸ਼ਾ-ਵਸਤੂ*

1.2 : *ਪੰਜਾਬੀ ਲੋਕਾਂ ਦੀਆਂ ਰਹੁ-ਰੀਤਾਂ, ਵਿਸ਼ਵਾਸ ਅਤੇ ਭਰਮ, ਤੀਆਂ ਤੇ ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ ਲੇਖਾਂ ਦਾ ਸਾਰ ਅਤੇ ਵਿਸ਼ਾ-ਵਸਤੂ*

1.3 : *ਲੋਕ-ਗੀਤ ਦਾ ਜਨਮ, ਲੋਕ-ਕਹਾਣੀਆਂ ਦੀ ਖ਼ਾਨਾ-ਬਦੋਸ਼ੀ ਤੇ ਬੁੱਝਣ ਵਾਲੀਆਂ ਬਾਤਾਂ ਲੇਖਾਂ ਦਾ ਸਾਰ ਅਤੇ ਵਿਸ਼ਾ-ਵਸਤੂ*

1.4 : *ਲੋਕ-ਨਾਚਾਂ ਦਾ ਜਨਮ ਅਤੇ ਵਿਕਾਸ, ਪੰਜਾਬ ਦੀਆਂ ਲੋਕ-ਕਲਾਵਾਂ ਤੇ ਪੰਜਾਬ ਦੀਆਂ ਲੋਕ-ਖੇਡਾਂ, ਲੇਖਾਂ ਦਾ ਸਾਰ ਅਤੇ ਵਿਸ਼ਾ ਵਸਤੂ*

1.5 **(ਅ-1)**: ਸਰਲ ਅੰਗਰੇਜ਼ੀ ਪੈਰ੍ਹੇ ਦਾ ਸਰਲ ਪੰਜਾਬੀ ਵਿਚ ਅਨੁਵਾਦ

**Department website : www.pbidde.org**

ਪਾਠ ਨੰ. 1.1

## ਲੋਕਧਾਰਾ ਦੀ ਭੂਮਿਕਾ

### 1.1 ਪਿਆਰੇ ਵਿਦਿਆਰਥੀ

ਇਹ ਪਾਠ ਅਤੇ ਇਸ ਤੋਂ ਅਗਲੇ ਕੁਝ ਪਾਠਾਂ ਦਾ ਸਬੰਧ ਤੁਹਾਡੇ ਪਾਠਕ੍ਰਮ ਵਿਚ ਲੱਗੀ ਹੋਈ ਪੁਸਤਕ – 'ਲੋਕਧਾਰਾ ਦੀ ਭੂਮਿਕਾ' ਨਾਲ ਹੈ। ਇਸ ਪੁਸਤਕ ਦੇ ਸੰਪਾਦਕ ਡਾ. ਭੁਪਿੰਦਰ ਸਿੰਘ ਖਹਿਰਾ ਅਤੇ ਡਾ. ਸੁਰਜੀਤ ਸਿੰਘ ਹਨ। ਇਹਨਾਂ ਪਾਠਾਂ ਨੂੰ ਪੜ੍ਹਨ ਤੋਂ ਪਹਿਲਾਂ ਜ਼ਰੂਰੀ ਹੈ ਕਿ ਤੁਸੀ ਮੂਲ ਪਾਠ ਪੁਸਤਕ ਨੂੰ ਧਿਆਨ ਨਾਲ ਘੱਟੋ ਘੱਟ ਦੋ ਵਾਰੀ ਜਰੂਰ ਪੜ੍ਹੋ। ਅਜਿਹਾ ਕਰਕੇ ਤੁਸੀ ਪਾਠਾਂ ਨੂੰ ਅਸਾਨੀ ਨਾਲ ਸਮਝ ਸਕੋਗੇ।

### (ੳ) ਲੋਕਧਾਰਾ : ਪਰਿਭਾਸ਼ਾ ਅਤੇ ਲੱਛਣ ਲੇਖ ਦਾ ਸਾਰ

1.2.1 ਇਹ ਲੇਖ ਡਾ. ਭੁਪਿੰਦਰ ਸਿੰਘ ਦਾ ਲਿਖਿਆ ਹੋਇਆ ਹੈ। ਇਸ ਦਾ ਉਦੇਸ਼ ਲੋਕਧਾਰਾ ਦੀ ਪਰਿਭਾਸ਼ਾ ਅਤੇ ਲੱਛਣਾਂ ਬਾਰੇ ਮੁੱਢਲਾ ਗਿਆਨ ਦੇਣਾ ਹੈ।

### 1.2.2 ਵਿਉਂਤਪੱਤੀ

ਲੋਕਧਾਰਾ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਫੋਕਲੋਰ (folklore) ਦੇ ਸਮਾਨਾਰਥਿਕ ਵਜੋਂ ਉਭਰ ਕੇ ਆਇਆ ਹੈ। ਫੋਕਲੋਰ ਲਈ ਪੰਜਾਬੀ ਭਾਸ਼ਾ ਵਿਚ ਵਿਭਿੰਨ ਸ਼ਬਦ ਵਰਤੇ ਗਏ ਹਨ ਪਰ ਲੋਕਯਾਨ ਨਾਲੋਂ ਲੋਕਧਾਰਾ ਸ਼ਬਦ ਵਧੇਰੇ ਢੁਕਵਾਂ ਹੈ। ਇਹ ਪੰਜਾਬੀ ਮਨ ਅਤੇ ਸੁਭਾਅ ਦੇ ਵਧੇਰੇ ਨੇੜੇ ਹੈ ਅਤੇ ਭਵਿੱਖ ਵਿਚ ਇਸ ਦੇ ਹੀ ਵਧੇਰੇ ਪ੍ਰਵਾਨ ਹੋਣ ਦੀ ਸੁੰਭਾਵਨਾ ਹੈ।

### 1.2.3 ਲੋਕਧਾਰਾ ਦੀ ਪਰਿਭਾਸ਼ਾ

ਲੋਕਧਾਰਾ ਨੂੰ ਪਰਿਭਾਸ਼ਤ ਕਰਨਾ ਇਕ ਔਖਾ ਕਾਰਜ ਹੈ ਕਿਉਂਕਿ ਇਹ ਕੋਈ ਸੰਕਲਪ ਨਹੀਂ ਸਗੋਂ ਵਰਤਾਰਾ ਹੈ। ਇਸ ਲਈ ਇਸ ਦੀਆਂ ਕਈ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ ਅਤੇ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਸਾਰਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਡਾ. ਖਹਿਰਾ ਨੇ ਇਸ ਦੀ ਪਰਿਭਾਸ਼ਾ ਇਵੇਂ ਕੀਤੀ ਹੈ: ਸਮੇਂ ਸਥਾਨ ਅਤੇ ਸਨਮੁੱਖ ਪਰਿਸਥਿਤੀਆਂ ਦੇ ਪ੍ਰਸੰਗ ਵਿਚ ਲੋਕ ਸਮੂਹ ਦੀ ਸਭਿਆਚਾਰਕ ਸੋਚਣੀ ਦਾ ਵਿਅਕਤ ਰੂਪ ਹੀ ਲੋਕਧਾਰਾ ਹੈ। ਇਸ ਪ੍ਰਗਟਾਅ ਲਈ ਵਰਤੀ ਗਈ ਸਮੱਗਰੀ ਅਤੇ ਮਾਧਿਅਮ ਦੀ ਕਿਸਮ ਲੋਕਧਾਰਾ ਦੇ ਵਿਭਿੰਨ ਰੂਪਾਂ ਨੂੰ ਨਿਰਧਾਰਤ ਕਰਦੀ ਹੈ।

### 1.2.4 ਲੋਕਧਾਰਾ ਦੇ ਪ੍ਰਮੁੱਖ ਲੱਛਣ

ਕਿਸੇ ਵੀ ਜਨ-ਸਮੂਹ ਦੀ ਲੋਕਧਾਰਾ ਉਸ ਦੇ ਵਿਸ਼ੇਸ਼ ਵਿਅਕਤ ਰੂਪਾਂ ਤੋਂ ਪਛਾਣੀ ਜਾਂਦੀ ਹੈ। ਇਹ ਵਿਸ਼ੇਸ਼ ਵਿਅਕਤ ਰੂਪ ਹੀ ਉਸ ਦੇ ਪ੍ਰਮੁੱਖ ਲੱਛਣ ਹੁੰਦੇ ਹਨ। ਸਾਧਾਰਣ ਹਾਲਤਾਂ ਵਿਚ ਇਹ ਹੇਠ ਲਿਖੇ ਅਨੁਸਾਰ ਹੁੰਦੇ ਹਨ :

1.2.4.1 **ਮਨੋਸਥਿਤੀ** : ਲੋਕਧਾਰਾ ਦਾ ਧਰਾਤਲ ਲੋਕ ਸਮੂਹ ਦੀ ਮਨੋਸਥਿਤੀ ਹੁੰਦੀ ਹੈ। ਮਨੋਸਥਿਤੀ ਲੋਕਾਂ ਦੀ ਜੀਵਨ ਜੁਗਤ ਤੇ ਜੀਵਨ ਸਥਿਤੀ ਤੇ ਨਿਰਭਰ ਕਰਦੀ ਹੈ ਜੋ ਅੱਗੋਂ ਪੈਦਾਵਾਰ ਦੇ ਸਾਧਨਾਂ ਆਪਸੀ ਰਿਸ਼ਤਿਆਂ ਆਦਿ ਉਤੇ ਆਧਾਰਿਤ ਹੁੰਦੀ ਹੈ। ਇਨ੍ਹਾਂ ਵਿਚ ਪਰਿਵਰਤਨ ਲੋਕਧਾਰਾ ਵਿਚ ਵੀ ਪਰਿਵਰਤਨ ਲੈ ਆਉਂਦਾ ਹੈ।

1.2.4.2 **ਪਰੰਪਰਾ** : ਲੋਕਧਾਰਾ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਨਿਰੰਤਰ ਅੱਗੇ ਚਲਦੀ ਰਹਿੰਦੀ ਹੈ। ਇਹੋ ਹੀ ਪਰੰਪਰਾ ਹੈ ਭਾਵੇਂ ਲੋਕਧਾਰਾ ਵਿਚ ਹਮੇਸ਼ਾ ਕੁਝ ਨ ਕੁਝ ਵਧਦਾ ਅਤੇ ਕੁਝ ਨਾ ਕੁਝ ਵਿਚੋਂ ਖਾਰਜ ਹੁੰਦਾ ਰਹਿੰਦਾ ਹੈ ਪਰੰਤੂ ਪਰੰਪਰਾ ਲਗਾਤਾਰ ਕਾਇਮ ਰਹਿੰਦੀ ਹੈ।

1.2.4.3 **ਪ੍ਰਵੀਣਤਾ** : ਪ੍ਰਵੀਣਤਾ ਤੋਂ ਭਾਵ ਇਹ ਹੈ ਕਿ ਇਹ ਲੋਕ ਸਮੂਹ ਦੀ ਹੁਨਰੀ ਯੋਗਤਾ ਦਾ ਸਹੀ ਪ੍ਰਤਿਬਿੰਬ ਹੁੰਦੀ ਹੈ। ਇਸ ਵਿਚ ਕਰੂਪਤਾ ਜਾਂ ਬੇਢੱਬਾਪਣ ਨਹੀਂ ਸਮਾ ਸਕਦੇ।

1.2.4.4 **ਪ੍ਰਤਿਭਾ** : ਲੋਕਧਾਰਾ ਭਾਵੇਂ ਸਾਮੂਹਿਕ ਹੁੰਦੀ ਹੈ ਪਰੰਤੂ ਕੋਈ ਵੀ ਸਮੂਹ ਇਕੱਠਾ ਬੈਠ ਕੇ ਕਿਸੇ

ਲੋਕਗੀਤ ਜਾਂ ਲੋਕ ਕਥਾ ਦੀ ਸਿਰਜਣਾ ਨਹੀਂ ਕਰਦਾ। ਸਿਰਜਣਹਾਰਾ ਇਕ ਵਿਸ਼ੇਸ਼ ਪ੍ਰਤਿਭਾ ਦਾ ਮਾਲਕ ਹੁੰਦਾ ਹੈ ਅਤੇ ਉਸ ਰਾਹੀਂ ਕੀਤੀ ਗਈ ਸਿਰਜਣਾ ਸੁੱਤੇ ਸਿਧ ਹੀ ਲੋਕਧਾਰਾ ਦਾ ਅੰਗ ਬਣ ਜਾਂਦੀ ਹੈ ਕਿਉਂਕਿ ਉਹ ਆਪਣੀ ਰਚਨਾ ਵਿਚ ਲੋਕ ਸਮੂਹ ਦੀਆਂ ਭਾਵਨਾਵਾਂ ਦੀ ਗੱਲ ਕਰਦਾ ਹੈ।

1.2.4.5 **ਪ੍ਰਵਾਨਗੀ** : ਲੋਕਧਾਰਾ ਦਾ ਇਕ ਹੋਰ ਵਿਸ਼ੇਸ਼ ਲੱਛਣ ਇਸ ਦੀ ਲੋਕ ਸਮੂਹ ਰਾਹੀਂ ਪ੍ਰਵਾਨਗੀ ਹੈ। ਇਸ ਪ੍ਰਵਾਨਗੀ ਦਾ ਆਧਾਰ ਇਸ ਸਮੱਗਰੀ ਦਾ ਵਿਹਾਰਕ ਰੂਪ ਵਿਚ ਪ੍ਰਯੋਗ ਕਰਨਾ ਹੈ।

1.2.4.6 **ਪ੍ਰਬੰਧਕਤਾ** : ਪ੍ਰਬੰਧਕਤਾ ਤੋਂ ਭਾਵ ਇਹ ਹੈ ਕਿ ਲੋਕਧਾਰਾ ਸਮੇਂ ਦੇ ਸਮਾਜ ਨੂੰ ਦਰਪੇਸ਼ ਪਰਿਸਥਿਤੀਆਂ ਦੇ ਅਨੁਕੂਲ ਆਪਣਾ ਇਕ ਨਿਸ਼ਚਿਤ ਪ੍ਰਬੰਧ ਸਿਰਜਣਾ ਹੈ। ਇਸੇ ਕਰਕੇ ਹਰ ਜਨ ਸਮੂਹ ਦੀ ਲੋਕਧਾਰਾ ਦਾ ਆਪਣਾ ਇਕ ਵਰਗ ਪ੍ਰਬੰਧ ਹੁੰਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਲੋਕਧਾਰਾ ਦੇ ਤੱਤ ਅਣਵਿਉਂਤੇ ਜਾਂ ਤਰਤੀਬ ਰਹਿਤ ਨਹੀਂ ਹੁੰਦੇ।

1.2.4.7 **ਪ੍ਰਪੱਕਤਾ** : ਪ੍ਰਪੱਕਤਾ ਤੋਂ ਭਾਵ ਇਹ ਹੈ ਕਿ ਲੋਕਧਾਰਾ ਕੱਚ ਘਰੜ ਸਮੱਗਰੀ ਤੇ ਆਧਾਰਿਤ ਨਹੀਂ ਹੁੰਦੀ। ਜਿਵੇਂ ਕਿ ਕਿਸੇ ਲੋਕਗੀਤ ਵਿਚ ਸ਼ਬਦ ਚੋਣ, ਸ਼ਬਦ ਵਿਉਂਤ ਅਤੇ ਉਚਾਰ ਪੂਰੀ ਤਰ੍ਹਾਂ ਪ੍ਰਪੱਕ ਹੁੰਦਾ ਹੈ। ਇਸ ਵਿਚ ਕਿਸੇ ਪਰਿਵਰਤਨ ਦੀ ਗੁੰਜਾਇਸ਼ ਨਹੀਂ ਹੁੰਦੀ।

1.2.4.8 **ਪੂਰਣਤਾ** : ਹਰ ਲੋਕ ਸਮੂਹ ਦੀ ਲੋਕਧਾਰਾ ਆਪਣੇ ਆਪ ਵਿਚ ਸੰਪੂਰਨ ਹੁੰਦੀ ਹੈ। ਇਹ ਹੋ ਸਕਦਾ ਹੈ ਕਿ ਇਕ ਸਮਾਜ ਦੀ ਲੋਕਧਾਰਾ ਕਿਸੇ ਹੋਰ ਸਮਾਜ ਤੋਂ ਵਖਰੀ ਜਾਂ ਸ਼੍ਰੇਣੀਆਂ ਦੇ ਪੱਖੋਂ ਕੁਝ ਅੰਤਰ ਰੱਖਦੀ ਹੋਵੇ ਪਰੰਤੂ ਇਹ ਆਪਣੇ ਆਪ ਵਿਚ ਜ਼ਰੂਰ ਪੂਰਣ ਹੁੰਦੀ ਹੈ।

1.2.4.9 **ਪਰਿਵਰਤਨ** : ਲੋਕਧਾਰਾ ਦਾ ਇਕ ਹੋਰ ਪ੍ਰਭਾਵੀ ਲੱਛਣ ਪਰਿਵਰਤਨ ਹੈ। ਸਮੇਂ ਅਤੇ ਸਥਾਨ ਅਨੁਸਾਰ ਪਰਿਸਥਿਤੀਆਂ ਦੇ ਬਦਲਣ ਨਾਲ ਲੋਕਧਾਰਾ ਵਿਚ ਵੀ ਪਰਿਵਰਤਨ ਆਉਂਦੇ ਰਹਿੰਦੇ ਹਨ। ਭਾਵੇਂ ਕਿ ਇਹ ਪਰਿਵਰਤਨ ਇਕਦਮ ਨਹੀਂ ਵਾਪਰਦੇ ਅਤੇ ਸਹਿਜੇ ਸਹਿਜੇ ਆਉਂਦੇ ਹਨ: ਇਹਨਾਂ ਪਰਿਵਰਤਨਾਂ ਨਾਲ ਬੇਲੋੜੀ ਸਾਮੱਗਰੀ ਅਤੇ ਕਿਸਮ ਇਸ ਵਿਚੋਂ ਨਿਕਲਦੀ ਰਹਿੰਦੀ ਹੈ ਅਤੇ ਹੋਰ ਸ਼ਾਮਿਲ ਹੋਈ ਜਾਂਦੀ ਹੈ।

### 1.2.5 ਲੋਕਧਾਰਾ : ਵਿਸ਼ੈ ਵਸਤੂ

ਇਹ ਲੇਖ ਡਾ ਭੁਪਿੰਦਰ ਸਿੰਘ ਖਹਿਰਾ ਦਾ ਲਿਖਿਆ ਹੋਇਆ ਹੈ। ਇਸ ਲੇਖ ਦਾ ਮੁੱਖ ਮਨੋਰਥ ਲੋਕਧਾਰਾ ਨੂੰ ਪਰਿਭਾਸ਼ਤ ਕਰਨਾ ਹੈ ਅਤੇ ਇਸ ਦੇ ਲੱਛਣਾਂ ਤੋਂ ਵਾਕਿਫ਼ ਕਰਾਉਣਾ ਹੈ।

ਲੇਖ ਦੇ ਆਰੰਭ ਵਿਚ ਡਾ. ਖਹਿਰਾ ਨੇ ਅੰਗਰੇਜ਼ੀ ਦੇ ਸ਼ਬਦ ਫੋਕਲੋਰ ਦੇ ਸਾਮਨਾਰਥਕ ਪੰਜਾਬੀ ਸ਼ਬਦ ਦੀ ਗੱਲ ਕਰਦਿਆਂ ਹੋਇਆਂ ਦ੍ਰਿੜ ਕਰਵਾਇਆ ਹੈ ਕਿ ਹੋਰਨਾਂ ਸ਼ਬਦਾਂ ਅਤੇ ਖਾਸ ਤੌਰ ਤੇ ਲੋਕਯਾਨ ਦੇ ਮੁਕਾਬਲੇ ਲੋਕਧਾਰਾ ਸ਼ਬਦ ਦਾ ਪ੍ਰਯੋਗ ਵਧੇਰੇ ਸਹੀ ਹੈ ਕਿਉਂਕਿ ਇਹ ਪੰਜਾਬੀ ਸੁਭਾਅ ਦੇ ਵਧੇਰੇ ਅਨੁਰੂਪ ਹੈ ਅਤੇ ਭਵਿੱਖ ਵਿਚ ਵੀ ਇਸ ਦੇ ਹੀ ਪ੍ਰਚਲਿਤ ਅਤੇ ਪ੍ਰਵਾਨਿਤ ਹੋਣ ਦੀ ਵੱਧ ਸੰਭਾਵਨਾ ਹੈ।

ਲੇਖਕ ਨੇ ਲਿਖਿਆ ਹੈ ਕਿ ਲੋਕਧਾਰਾ ਦੀ ਕੋਈ ਇਕ ਸਰਵ ਪ੍ਰਵਾਨਿਤ ਪਰਿਭਾਸ਼ਾ ਨਹੀਂ ਦਿੱਤੀ ਜਾਂ ਸਕਦੀ ਕਿਉਂਕਿ ਇਹ ਕੋਈ ਸੰਕਲਪ ਨਹੀਂ ਸਗੋਂ ਵਰਤਾਰਾ ਹੈ। ਫਿਰ ਵੀ ਲੋਕਸਮੂਹ ਦੀ ਸਾਮੂਹਿਕ ਸੋਚਣੀ ਦਾ ਵਿਅਕਤ ਰੂਪ ਹੀ ਲੋਕਧਾਰਾ ਹੈ।

ਇਸ ਲੇਖਕ ਦਾ ਤੀਜਾ ਅਹਿਮ ਨੁਕਤਾ ਲੋਕਧਾਰਾ ਤੇ ਲੱਛਣਾਂ ਬਾਰੇ ਜਾਣਕਾਰੀ ਦੇਣਾ ਹੈ। ਲੇਖਕ ਨੇ ਆਪਣੇ ਇਸ ਲੇਖ ਵਿਚ ਲੋਕਧਾਰਾ ਦੇ ਜਿਨ੍ਹਾਂ ਪ੍ਰਮੁੱਖ ਲੱਛਣਾਂ ਦੀ ਗੱਲ ਕੀਤੀ ਹੈ ਉਹ ਹਨ:

(1) ਮਨੋ ਸਥਿਤੀ
(2) ਪਰੰਪਰਾ
(3) ਪ੍ਰਵੀਨਤਾ
(4) ਪ੍ਰਤਿਭਾ
(5) ਪ੍ਰਵਾਨਗੀ
(6) ਪ੍ਰਬੰਧਨਤਾ
(7) ਪਪੱਕਤਾ

(8) ਪੂਰਨਤਾ

(9) ਪਰਿਵਰਤਨ

ਇਸ ਤਰ੍ਹਾਂ ਇਸ ਲੇਖ ਦਾ ਵਿਸ਼ੇ ਵਸਤੂ ਮੂਲ ਰੂਪ ਵਿਚ ਲੋਕਧਾਰਾ ਸ਼ਬਦ ਦੀ ਵਰਤੋਂ ਦੀ ਸਾਰਥਕਤਾ, ਲੋਕਧਾਰਾ ਦੀ ਪਰਿਭਾਸ਼ਾ ਅਤੇ ਇਸਦੇ ਲੱਛਣਾਂ ਤੋਂ ਜਾਣੂ ਕਰਾਉਣਾ ਹੈ।

**(ਅ) ਪੰਜਾਬ ਦਾ ਪਿੰਡਃ ਮੋੜ੍ਹੀ ਗੱਡਣ ਤੋਂ ਮੁਰੱਬੇਬੰਦੀ ਤੱਕ**

**1.3.1 ਭੂਮਿਕਾ**

ਇਸ ਲੇਖ ਵਿਚ ਲੇਖਕ ਬਲਵਿੰਦਰ ਗਰੇਵਾਲ ਨੇ ਕਿਸੇ ਪਿੰਡ ਦੀ ਸਥਾਪਤੀ ਤੋਂ ਲੈ ਕੇ ਉਸ ਵਿਚਲੇ ਵਸਨੀਕਾਂ ਦੀ ਜਮੀਨ ਦੀ ਮਲਕੀਅਤ ਅਤੇ ਜ਼ਮੀਨ ਨੂੰ ਨਿਯਮਬੱਧ ਕਰਨ ਦੇ ਵੱਖੋ ਵੱਖਰੇ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ ਹੈ।

**1.3.2. ਪੰਜਾਬ ਦੇ ਪਿੰਡਾਂ ਦੀ ਵਿਉਂਤਬੰਦੀ ਦਾ ਪਿਛੋਕੜ**

ਪੰਜਾਬ ਦੇ ਪਿੰਡਾਂ ਦੀ ਵਿਉਂਤਬੰਦੀ ਅਤੇ ਉਹਨਾਂ ਦੀ ਸਭਿਆਚਾਰਕ ਹੋਂਦ ਨੂੰ ਭੂਗੋਲਿਕ ਹਾਲਾਤ ਅਤੇ ਸਰਹੱਦੀ ਸੂਬਾ ਹੋਣ ਦੀ ਸਥਿਤੀ ਦੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ। ਪੰਜਾਬ ਵਿਚ ਅਕਸਰ ਪਿੰਡ ਵਗਦੇ ਪਾਣੀ ਦੇ ਸਰੋਤਾਂ ਦੇ ਕੰਢੇ ਕੰਢੇ ਸਥਾਪਤ ਹੁੰਦੇ ਰਹੇ ਹਨ। ਭਾਵੇਂ ਇਥੇ ਬਹੁਤੇ ਇਲਾਕੇ ਵਿਚ ਜੰਗਲ ਸਨ ਪਰੰਤੂ ਪਾਣੀ ਦੇ ਵੇਗ ਦੇ ਰੁਖ ਕੁਝ ਬਸਤੀਆਂ ਜੰਗਲ ਤੋਂ ਬਾਹਰ ਵੱਲ ਵੀ ਵਿਕਸਿਤ ਹੁੰਦੀਆਂ ਰਹੀਆਂ ਹਨ। ਵੱਡੇ ਪਿੰਡ ਪਹਿਲਾਂ ਸਥਾਪਤ ਹੋਏ ਅਤੇ ਇਹਨਾਂ ਦੀਆਂ ਦੂਰ ਦੂਰ ਤੱਕ ਫੈਲੀਆਂ ਜ਼ਮੀਨਾਂ ਕਰਕੇ ਇਹਨਾਂ ਵਿਚੋਂ ਹੀ ਕਈ ਹੋਰ ਪਿੰਡ ਮਾਜਰੇ ਕਲਾ, ਖੁਰਦ, ਉੱਚੇ, ਨੀਵੇਂ ਹੋਂਦ ਵਿਚ ਆਏ ਹਨ। ਪੰਜਾਬ ਦੇ ਬਹੁਤੇ ਪਿੰਡ ਭਾਈਚਾਰੇ ਵਲੋਂ ਮਿਹਣੇ ਤਾਅਨੇ ਮਾਰਨ ਕਰਕੇ ਜਾਂ ਡਾਂਗ ਦੇ ਜੋਰ ਖਿਦੇੜੇ ਗਏ ਬੰਦਿਆਂ ਵੱਲੋਂ ਬੰਨੇ ਗਏ ਹਨ।

**1.3.3. ਪਿੰਡਃ ਇਕ ਛੋਟੀ ਰਿਆਸਤ**

ਜਾਗੀਰੀ ਦੌਰ ਵਿਚ ਪੰਜਾਬ ਦੇ ਪਿੰਡ ਛੋਟੀਆਂ ਛੋਟੀਆਂ ਰਿਆਸਤਾਂ ਵਾਂਗੂੰ ਵਿਚਰਦੇ ਰਹੇ ਹਨ ਹਰ ਪਿੰਡ ਵਿਚ ਗੁਰਦੁਆਰਾ ਸਾਹਿਬ ਤੇ ਝੂਲਦਾ ਨਿਸ਼ਾਨ ਸਾਹਿਬ ਰਿਆਸਤੀ ਜੌਲਅ ਦੀ ਯਾਦ ਤਾਜਾ ਕਰਦਾ ਹੈ। ਖਾਸ ਤੌਰ ਤੇ ਇਕ ਪਿੰਡ ਤੋਂ ਦੂਜੇ ਪਿੰਡ ਵਿਚ ਕਿਸੇ ਵੀ ਪ੍ਰਕਾਰ ਦਾ ਸੁਨੇਹਾ ਲਿਜਾਣ ਵਾਲੇ ਵਿਅਕਤੀ ਨਾਲ ਸਾਰੇ ਪਿੰਡ ਵਲੋਂ ਇਸ ਤਰ੍ਹਾ ਦਾ ਵਿਵਹਾਰ ਕੀਤਾ ਜਾਂਦਾ ਹੈ ਜਿਵੇਂ ਕਿ ਕਿਸੇ ਦੂਸਰੀ ਰਿਆਸਤ ਦਾ ਦੂਤ ਹੋਵੇ। ਸ਼ਾਇਦ ਇਸੇ ਕਰਕੇ ਹੀ ਨਾਈ ਨੂੰ ਰਾਜਾ ਅਤੇ ਮਰਾਸੀ ਨੂੰ ਮੀਰ ਕਿਹਾ ਜਾਂਦਾ ਸੀ।

**1.3.4 ਪਿੰਡ ਦੀ ਮੋੜ੍ਹੀ, ਟੋਭਾ ਅਤੇ ਖੂਹ**

ਮੋੜ੍ਹੀ ਉਸ ਵਾੜ ਨੂੰ ਕਹਿੰਦੇ ਹਨ ਜੋ ਕਿਸੇ ਪਿੰਡ ਲਈ ਨਿਸ਼ਚਿਤ ਕੀਤੀ ਥਾਂ ਦੇ ਦੁਆਲੇ ਗੱਡੀ ਜਾਂਦੀ ਸੀ, ਉਹ ਮੋੜ੍ਹੀ, ਜਾਂ ਵਾੜ ਦੀ ਪਿੰਡ ਦੇ ਵਸਨੀਕਾਂ ਦੀ ਜੰਗਲੀ ਜਾਨਵਰਾਂ ਤੋਂ ਸੁਰੱਖਿਆ ਲਈ ਇਕ ਓਟ ਹੁੰਦੀ ਸੀ :

ਵਲਿਆ ਹੋਇਆ ਇਹ ਪਿੰਡ ਅਕਸਰ ਟੋਭੇ ਤੋਂ ਸ਼ੁਰੂ ਹੁੰਦਾ ਹੈ। ਟੋਭਾ ਅਸਲ ਵਿਚ ਪੰਜਾਬ ਦੇ ਪਿੰਡ ਵਿਚਲਾ ਉਸਦਾ ਧੜਕਦਾ ਹੋਇਆ ਦਿਲ ਹੈ। ਇਹ ਗੱਲ ਉਸ ਕਾਲ ਉਤੇ ਵਧੇਰੇ ਢੁਕਦੀ ਹੈ ਜਦੋਂ ਪੰਜਾਬ ਵਿਚ ਅਜੇ ਖੂਹ ਪੁੱਟੇ ਜਾਣ ਨਹੀਂ ਸ਼ੁਰੂ ਹੋਏ ਸਨ। ਟੋਭਾ ਹੀ ਪਿੰਡ ਦਾ ਸਭ ਤੋਂ ਰਮਣੀਕ ਸਥਾਨ ਹੁੰਦਾ ਸੀ। ਪੀਣ ਵਾਲੇ ਪਾਣੀ ਤੋਂ ਲੈ ਕੇ ਹੋਰ ਅਨੇਕ ਕੰਮਾਂ ਲਈ ਟੋਭੇ ਦੀ ਵਰਤੋਂ ਹੁੰਦੀ ਸੀ। ਟੋਭਾ ਸਾਰੇ ਪਿੰਡ ਦਾ ਸਾਂਝਾ ਹੁੰਦਾ ਸੀ।

ਜਦੋਂ ਖੂਹ ਪੁੱਟੇ ਜਾਣ ਲੱਗ ਪਏ ਤਾਂ ਪਿੰਡ ਦੀ ਸਾਂਝ ਵਿਚ ਵੀ ਤੇੜ ਆਣ ਲਗ ਪਈ। ਫਲਸਰੂਪ ਸਾਂਝ ਪੂਰੇ ਪਿੰਡ ਦੀ ਥਾਂ ਕੁਝ ਘਰਾਂ ਤਕ ਹੀ ਸੁੰਗੜ ਗਈ। ਟੋਭੇ ਤੋਂ ਖੂਹ ਤਕ ਦੇ ਸਫ਼ਰ ਦੌਰਾਨ ਪਿੰਡ ਦੇ ਆਪਸੀ ਅਤੇ ਜਮੀਨੀ ਰਿਸ਼ਤਿਆਂ ਵਿਚ ਵੱਡੀਆਂ ਤਬਦੀਲੀਆਂ ਆਈਆਂ। ਆਜ਼ਾਦੀ ਤੋਂ ਬਾਅਦ ਹੋਈ ਮੁਰੱਬੇ ਬੰਦੀ ਤਕ ਵੀ ਪਿੰਡ ਦੀ ਬਾਹਰਲੀ ਫਿਰਨੀ ਦੇ ਅੰਦਰਵਾਰ ਲੱਗਿਆ ਖੂਹ ਪਿੰਡ ਲਈ ਪਾਣੀ ਦਾ ਸਾਂਝਾ ਸਰੋਤ ਬਣਿਆ ਰਿਹਾ।

**1.3.5 ਪਿੰਡ ਦਾ ਮੁੱਖ ਦੁਆਰ**

ਪਿੰਡ ਦੀ ਸਾਂਝ ਦਾ ਇਕ ਹੋਰ ਮਹੱਤਵਪੂਰਨ ਪ੍ਰਤੀਕ ਪਿੰਡ ਦਾ ਮੁੱਖ ਦੁਆਰ ਜਾਂ ਦਰਵਾਜ਼ਾ ਹੈ।

ਇਹੋ ਨਗਰ ਖੇੜਾ ਹੈ ਅਤੇ ਇਹੋ ਹੀ ਸਭ ਤੋਂ ਵੱਡੀ ਸੱਥ : ਇਹੋ ਹੀ ਅਦਾਲਤ ਹੈ ਜਿਥੇ ਕਈ ਵੱਡੇ ਵੱਡੇ ਝਗੜੇ ਨਬੇੜੇ ਜਾਂਦੇ ਹਨ : ਦਰਵਾਜ਼ੇ ਤੇ ਖੜ੍ਹ ਕੇ ਸੌਂਹ ਖਾਣ ਨਾਲ ਹੀ ਫੈਸਲੇ ਹੋ ਜਾਂਦੇ ਹਨ। ਮਨੁੱਖ ਰੱਬ ਦੀ ਝੂਠੀ ਸੌਂਹ ਭਾਵੇਂ ਖਾ ਲਵੇ ਪਰੰਤੂ ਪਿੰਡ ਦੇ ਦਰਵਾਜ਼ੇ ਦੀ ਝੂਠੀ ਸਹੁੰ ਨਹੀਂ ਖਾਂਦਾ। ਇਸੇ ਲਈ ਲੋਕ ਦਰਵਾਜ਼ੇ ਨੂੰ ਸਿਰ ਨਿਵਾ ਕੇ ਲੰਘਦੇ। ਇਸ ਦੀ ਮਾਨਤਾ ਕਿਸੇ ਪੀਰ ਵਾਂਗ ਹੁੰਦੀ ਅਤੇ ਸ਼ਾਮ ਨੂੰ ਇਥੇ ਜੋਤ ਜਗਾਈ ਜਾਂਦੀ ਹੈ। ਸਾਂਝੇ ਜਾਂ ਵਿਅਕਤੀਗਤ ਕੰਮ ਸਮੇਂ ਇਥੇ ਮੱਥਾ ਟੇਕਿਆ ਜਾਂਦਾ।

ਦਰਵਾਜ਼ੇ ਦਾ ਮੂੰਹ ਚੜਦੇ ਪਾਸੇ ਰੱਖਿਆ ਜਾਂਦਾ। ਦਰਵਾਜ਼ੇ ਤੋਂ ਬਾਹਰ ਨਿਕਲ ਦੇ ਸਾਰ ਨਿੰਮ, ਬਰੋਟਾ ਅਤੇ ਪਿਪਲ ਲਗਾਏ ਜਾਂਦੇ। ਇਕ ਪਾਸੇ ਹਨੂਮਾਨ ਦੀ ਮੂਰਤੀ ਸਥਾਪਤ ਹੁੰਦੀ ਹੈ। ਥੋੜ੍ਹਾ ਅੰਦਰ ਜਾ ਕੇ ਮੰਦਰ ਹੁੰਦਾ ਪਿਛੋਂ ਪਿੰਡਾਂ ਵਿਚ ਗੁਰਦੁਆਰਾ ਵੀ ਬਣਨ ਲੱਗ ਪਿਆ ਜੋ ਆਮ ਤੌਰ ਤੇ ਪਿੰਡ ਤੋਂ ਬਾਹਰ ਹੁੰਦਾ। ਦਰਵਾਜ਼ੇ ਤੋਂ ਅੰਦਰਲੇ ਪਾਸੇ ਬੈਠਣ ਦੀ ਖੁੱਲ੍ਹੀ ਥਾਂ ਨੂੰ ਸੱਥ ਕਹਿੰਦੇ ਹਨ :

### 1.3.6 ਪਿੰਡ ਦੀ ਅੰਦਰਲੀ ਬਣਤਰ

ਸੱਥ ਤੋਂ ਆਮ ਤੌਰ ਤੇ ਤਿੰਨ ਗਲੀਆਂ ਪਾਟਦੀਆਂ ਜਿਨ੍ਹਾਂ ਦੀ ਦਿਸ਼ਾ ਦਾ ਨਿਰਧਾਰਣ ਦੁਪਹਿਰ ਤੋਂ ਪਹਿਲਾਂ ਅਤੇ ਬਾਅਦ ਦੇ ਪਰਛਾਵਿਆਂ ਨੂੰ ਬਣਾਇਆ ਜਾਂਦਾ। ਧੁੱਪ ਅਤੇ ਹਵਾ ਦਾ ਖਿਆਲ ਰੱਖਿਆ ਜਾਂਦਾ ਹੈ। ਚੌੜ ਗਲੀ ਆਮ ਤੌਰ ਤੇ ਉੱਤਰ ਤੋਂ ਦੱਖਣ ਵਲ ਹੁੰਦੀ ਪਰ ਕਿਸੇ ਕਿਲ੍ਹੇ ਦੀ ਵੱਖੀ ਵਿਚ ਵਸੇ ਹੋਏ ਪਿੰਡ ਵਿਚ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਇਹ ਸਭ ਤੋਂ ਭੀੜੀ ਗਲੀ ਵੀ ਹੁੰਦੀ।

ਗਲੀਆਂ ਵਿਚ ਘਰਾਂ ਦੀ ਹੋਂਦ ਦਾ ਆਧਾਰ ਪਿੰਡ ਵਾਲਿਆਂ ਦੇ ਕਿੱਤਿਆਂ ਤੇ ਨਿਰਭਰ ਕਰਦਾ ਹੈ। ਜੱਟਾਂ, ਮਹਿਰਿਆਂ, ਹਰੀਜਨਾਂ, ਲੁਹਾਰਾਂ, ਜੁਲਾਹਿਆਂ, ਤਰਖਾਣਾ ਆਦਿ ਦੇ ਘਰਾਂ ਦੀ ਇਕ ਨਿਸਚਿਤ ਪੱਤੀ ਹੁੰਦੀ ਹੈ। ਬਹੁਤੇ ਪਿੰਡ ਜੱਟਾ ਦੇ ਹੀ ਵਸਾਏ ਹੋਏ ਹਨ ਇਸ ਲਈ ਪਿੰਡਾਂ ਵਿਚ ਸਰਦਾਰੀ ਉਹਨਾਂ ਦੀ ਹੀ ਹੁੰਦੀ ਹੈ ਅਤੇ ਹਰ ਜਾਤ ਦੇ ਘਰਾਂ ਦੀ ਜ਼ਿਮੇਵਾਰੀ ਅਤੇ ਸਾਂਝ ਜੱਟ ਪਰਿਵਾਰਾਂ ਨਾਲ ਲਾਗੀਆਂ ਦੇ ਰੂਪ ਵਿਚ ਨਿਸ਼ਚਿਤ ਕਰ ਦਿੱਤੀ ਜਾਂਦੀ। ਭਾਵੇਂ ਕੰਮਾਂਕਾਰਾਂ ਵਿਚ ਸਾਂਝ ਨਜ਼ਰ ਆਉਂਦੀ ਹੈ ਪਰੰਤੂ ਜਾਤ-ਪਾਤ ਦਾ ਅੰਤਰ ਪਿੰਡ ਦੀ ਜ਼ਮੀਨ ਤੇ ਨਜ਼ਰ ਆਉਂਦਾ ਹੈ। ਇਸੇ ਕਰਕੇ ਹਰੀਜਨ ਅਤੇ ਵਾਲਮੀਕੀ ਪਰਿਵਾਰਾਂ ਦੇ ਘਰ ਅਜੇ ਵੀ ਪਿੰਡ ਦੀ ਮੁੱਖ ਵੱਸੋਂ ਦਾ ਹਿੱਸਾ ਨਹੀਂ ਹਨ।

ਮਾਲਵੇ ਦੀ ਕਪਾਹ ਪੱਟੀ ਵਿਚ ਘਰਾਂ ਦੇ ਦਰਵਾਜ਼ੇ ਮੋਕਲੇ ਅਤੇ ਊਠ ਦੀ ਉਚਾਈ ਤੋਂ ਉਚੇ ਹੋਣਗੇ ਜਦਕਿ ਮਾਝੇ ਦੇ ਘਰਾਂ ਦੇ ਦਰਵਾਜ਼ੇ ਨੀਵੇਂ ਪਰੰਤੂ ਮਜ਼ਬੂਤ ਹੋਣਗੇ।

ਪੰਜਾਬ ਦੇ ਆਮ ਪਿੰਡਾਂ ਵਿਚ ਬ੍ਰਾਹਮਣ ਦਰਜੇਬੰਦੀ ਪੱਖੋਂ ਭਾਵੇਂ ਜੱਟਾਂ ਵਰਗਾ ਹੈ ਪਰੰਤੂ ਹੁਨਰ ਰਹਿਤ ਹੋਣ ਕਰਕੇ ਇਸ ਨਾਲ ਵਿਵਹਾਰ ਵੀ ਲਾਗੀਆਂ ਵਰਗਾ ਹੀ ਕੀਤਾ ਜਾਂਦਾ ਹੈ।

ਪਿੰਡਾਂ ਦੇ ਸਮੁੱਚੇ ਘਰਾਂ ਦੀ ਬਣਤਰ ਇਕ ਕਿਲ੍ਹੇ ਵਾਂਗ ਹੁੰਦੀ। ਘਰਾਂ ਦੇ ਦਰਵਾਜ਼ੇ ਅੰਦਰ ਗਲੀ ਵਲ ਖੁਲ੍ਹਦੇ। ਸਾਰਾ ਪਿੰਡ ਛੱਤਾਂ ਰਾਹੀਂ ਪੂਰੀ ਤਰ੍ਹਾਂ ਜੁੜਿਆ ਹੁੰਦਾ। ਗਰਮੀਆਂ ਵਿਚ ਕੋਠਿਆਂ ਤੇ ਸੁੱਤਾ ਪਿਆ ਪਿੰਡ ਇੱਕ ਹੀ ਪਰਿਵਾਰ ਜਾਪਦਾ।

ਪੰਜਾਬ ਦੇ ਵੱਡੇ ਪਿੰਡਾਂ ਵਿਚ ਜਿਥੇ ਕਈ ਕਈ ਪੱਤੀਆਂ ਹੁੰਦੀਆਂ ਹਨ। ਉਹਨਾਂ ਦੀ ਸਮੁੱਚੀ ਬਣਤਰ ਵੀ ਉਪਰੋਕਤ ਨਾਲ ਮੇਲ ਖਾਣ ਵਾਲੀ ਹੀ ਹੁੰਦੀ ਹੋਵੇਗੀ।

ਦੇਸ਼ ਦੀ ਆਜ਼ਾਦੀ ਤਕ ਪੰਜਾਬ ਦੇ ਪਿੰਡਾਂ ਦੀ ਸਥਿਤੀ ਲਗਭਗ ਇਹੋ ਜਿਹੀ ਹੀ ਸੀ। ਜੇ ਕਿਤੇ ਨ ਕਿਤੇ ਅੰਤਰ ਆਇਆ ਵੀ ਤਾਂ ਬਸ ਇੰਨਾ ਕੁ ਹੀ ਕਿ ਘਰ ਦਾ ਦਰਵਾਜ਼ਾ ਗਲੀ ਦੀ ਥਾਂ ਤੇ ਬਾਹਰ ਵਲ ਕਢ ਲਿਆ। ਦੂਜਾ ਫਰਕ ਇਹ ਪਿਆ ਕਿ ਸਿੰਘ ਸਭਾ ਦੇ ਪ੍ਰਭਾਵ ਹੇਠ ਪਿੰਡਾਂ ਵਿਚ ਗੁਰਦੁਆਰਿਆਂ ਦੀ ਉਸਾਰੀ ਹੋਣ ਲੱਗ ਪਈ।

### 1.3.7 ਆਜ਼ਾਦੀ ਤੋਂ ਬਾਅਦ ਦਾ ਪਿੰਡ

ਆਜ਼ਾਦੀ ਦੇ ਆਉਣ ਨਾਲ ਬਾਹਰਲੇ ਹਮਲਾਵਰ ਦਾ ਖਤਰਾ ਨਾ ਰਿਹਾ। ਫਲਸਰੂਪ ਪਿੰਡਾਂ ਵਿਚ ਪੱਕੇ ਘਰ ਬਣਨ ਲਗ ਪਏ। ਬਾਹਰ ਤੋਂ ਆਏ ਉਨਤ ਕਿਸਾਨਾਂ ਨੇ ਆਪਣੇ ਇਸ ਹੁਨਰ ਨੂੰ ਇਕ ਹਥਿਆਰ

ਵਜੋਂ ਵਰਤਿਆ ਅਤੇ ਖੇਤੀਬਾੜੀ ਵਿਚ ਵੀ ਵਪਾਰਕ ਸੂਝ ਦਾ ਦਖਲ ਹੋਣ ਲੱਗ ਪਿਆ।

**1.3.8 ਜ਼ਮੀਨੀ ਸੁਧਾਰ, ਮੁਰੱਬੇਬੰਦੀ ਅਤੇ ਹਰਾ ਇਨਕਲਾਬ**

1950ਵਿਆਂ ਦੇ ਅਖੀਰ ਵਿਚ ਅਤੇ 1986ਵਿਆਂ ਦੇ ਸ਼ੁਰੂ ਵਿਚ ਪੰਜਾਬ ਵਿਚ ਜ਼ਮੀਨੀ ਸੁਧਾਰ ਹੋਣ ਲਗ ਪਏ। ਛੋਟੇ ਟੁਕੜਿਆਂ ਵਿਚ ਖਿੰਡੀ ਮਾਲਕੀ ਨੂੰ ਇਕੋ ਥਾਂ ਇਕੱਠਾ ਕਰਕੇ ਮੁਰੱਬੇਬੰਦੀ ਕੀਤੀ ਗਈ। ਇਸੇ ਸਮੇਂ ਦੌਰਾਨ ਹੀ ਹਰੇ ਇਨਕਲਾਬ ਦਾ ਬੀਜ ਬੀਜਿਆ ਗਿਆ ਕਿਉਂਕਿ ਟਿਊਬਵੈਲ ਆਦਿ ਦਾ ਪਾਣੀ ਖੇਤਾਂ ਨੂੰ ਮਿਲਣ ਨਾਲ ਪੈਦਾਵਾਰ ਵਿਚ ਵਾਧਾ ਹੋਣ ਲੱਗ ਪਿਆ। ਖੇਤੀ ਨਾਲ ਜੁੜੇ ਹੋਰ ਧੰਦਿਆਂ ਦੀਆਂ ਸੰਭਾਵਨਾਵਾਂ ਪੈਦਾ ਹੋਣ ਲੱਗੀਆਂ। ਪਿੰਡ ਦੀ ਆਜ਼ਾਦੀ ਪਿੰਡ ਦੇ ਸੁਰੱਖਿਅਤ ਘੇਰੇ ਤੋਂ ਬਾਹਰ ਨਿਕਲਣ ਲਗ ਪਈ। ਨਵੇਂ ਸਿਰੇ ਤੋਂ ਵਾੜਾਂ ਹੋਣ ਲੱਗੀਆਂ। ਦੁੱਧ ਵੀ ਆਮ ਪ੍ਰਚਲਿਤ ਧਾਰਨਾ ਦੇ ਉਲਟ ਵੇਚਿਆ ਜਾਣ ਲੱਗ ਪਿਆ। ਇਸਤਰੀ ਵੀ ਦੋਧੀ ਨੂੰ ਦੁੱਧ ਪਾਣ ਦੀ ਜ਼ਿਮੇਵਾਰੀ ਨਾਲ ਜੁੜ ਕੇ ਸੱਤਾ ਦਾ ਕੇਂਦਰ ਬਣ ਗਈ। ਮੁਰੱਬੇਬੰਦੀ ਦੌਰਾਨ ਪਿੰਡ ਦੀਆਂ ਗਲੀਆਂ ਵਿਚ ਵੀ ਪਰਿਵਰਤਨ ਆਇਆ। ਨਤੀਜੇ ਵਜੋਂ ਹੁਣ ਪਿੰਡ ਪਹਿਲਾਂ ਵਰਗੀ ਇਕ ਸਭਿਆਚਾਰਕ ਇਕਾਈ ਨਹੀਂ ਰਿਹਾ : ਭਾਈਚਾਰਕ ਸਾਂਝ ਦੇ ਮਾਪਦੰਡ ਬਦਲ ਗਏ ਹਨ ਪਰੰਤੂ ਅਜੇ ਵੀ ਹਰੀਜਨਾਂ ਦੇ ਘਰ ਪਿੰਡ ਦੀ ਮੁੱਖ ਵਸੋ ਤੋ ਵੱਖਰੇ ਹਨ : ਹੋਰ ਕਈ ਕਿਰਤੀ ਜਾਤਾਂ ਹੁਣ ਸ਼ਹਿਰ ਵਿਚ ਰਹਿਣ ਨੂੰ ਤਰਜੀਹ ਦੇਣ ਲੱਗ ਪਈਆਂ ਹਨ, ਹੁਣ ਕੋਈ ਬਿਹਾਰੀ ਮਜਦੂਰ ਵੀ ਪੰਜਾਬੀ ਹੋਣ ਦਾ ਭੁਲੇਖਾ ਪਾਣ ਲੱਗ ਪਿਆ ਹੈ।

**1.3.9 'ਪੰਜਾਬ ਦਾ ਪਿੰਡ : ਮੋੜ੍ਹੀ, ਗੱਡਣ ਤੋ ਮੁਰੱਬੇਬੰਦੀ ਤੱਕ' ਦਾ ਵਿਸ਼ੈ ਵਸਤੂ**

ਇਹ ਲੇਖ ਬਲਵਿੰਦਰ ਗਰੇਵਾਲ ਦਾ ਲਿਖਿਆ ਹੋਇਆ ਹੈ। ਇਸ ਲੇਖ ਦਾ ਮੁੱਖ ਵਿਸ਼ਾ ਪੰਜਾਬ ਵਿਚ ਪਿੰਡਾਂ ਦੀ ਸਥਾਪਤੀ ਉਸ ਦੇ ਘਰਾਂ ਦੀ ਬਣਤਰ, ਪਿੰਡ ਦੇ ਮਹੱਤਵਪੂਰਨ ਸਥਾਨ ਅਤੇ ਪਿੰਡ ਦੀ ਬਦਲਦੀ ਨੁਹਾਰ ਬਾਰੇ ਚਾਨਣਾ ਪਾਉਣਾ ਹੈ, ਲੇਖਕ ਸਾਨੂੰ ਦਸਦਾ ਹੈ ਕਿ ਪੰਜਾਬ ਮੂਲ ਰੂਪ ਵਿਚ ਜੰਗਲੀ ਇਲਾਕਾ ਹੁੰਦਾ ਸੀ ਅਤੇ ਇਸ ਇਲਾਕੇ ਵਿਚੋ ਵਗਦੇ ਦਰਿਆਵਾਂ/ਨਦੀਆਂ ਦੇ ਨਾਲ-ਨਾਲ ਪਹਿਲਾਂ ਵਸੋ ਸਥਾਪਤ ਹੋਈ। ਪਿੰਡਾਂ ਦੇ ਕਈ ਵਾਰੀ ਵੱਡੇ ਹੋਣ ਕਰਕੇ ਹੀ ਇਹਨਾਂ ਵਿੱਚੋ ਛੋਟੇ ਪਿੰਡ ਹੋਂਦ ਵਿਚ ਆਏ। ਪਿੰਡ ਦੇ ਸਮੁੱਚੇ ਖੇਤਰ ਦੇ ਆਸੇ ਪਾਸੇ ਵਾੜ ਲਗਾਣ ਨੂੰ ਮੋੜ੍ਹੀ, ਗਡਣਾ ਆਖਦੇ ਹਨ, ਭਾਵ ਇਹ ਹੋਇਆ ਕਿ ਇਸ ਤਰ੍ਹਾਂ ਪਿੰਡ ਦੀ ਸੀਮਾ ਨੂੰ ਨਿਸਚਿਤ ਕੀਤਾ ਜਾਂਦਾ ਹੈ।

ਕਿਸੇ ਵੀ ਪਿੰਡ ਵਿੱਚ ਮਹੱਤਵਪੂਰਣ ਚੀਜ਼ ਪਿੰਡ ਦਾ ਟੋਭਾ ਅਤੇ ਪਿੰਡ ਦਾ ਮੁੱਖ ਦਰਵਾਜ਼ਾ ਹੁੰਦਾ ਹੈ। ਟੋਭਾ ਪਿੰਡ ਦੇ ਕਈ ਕੰਮਾਂ ਲਈ ਪਾਣੀ ਮੁਹੱਈਆ ਕਰਵਾਉਂਦਾ ਹੈ ਅਤੇ ਮੁੱਖ ਦੁਆਰ ਅਦਾਲਤ ਦਾ ਕੰਮ ਵੀ ਕਰਦਾ ਹੈ। ਇਸ ਦੇ ਅੰਦਰਵਾਰ ਮੰਦਰ ਹੁੰਦਾ ਹੈ ਅਤੇ ਗੁਰਦੁਆਰਾ ਅਕਸਰ ਪਿੰਡ ਦੀ ਹੱਦ ਤੋਂ ਬਾਹਰ ਹੁੰਦਾ ਹੈ, ਪਿੰਡ ਦੀਆਂ ਗਲੀਆਂ ਦੀ ਬਣਤਰ ਅਤੇ ਉਹਨਾਂ ਵਿਚਲੇ ਘਰਾਂ ਦਾ ਕ੍ਰਮ ਵੀ ਇਕ ਨਿਸ਼ਚਿਤ ਵਿਧੀ ਨਾਲ ਹੁੰਦਾ ਹੈ।

ਪਰੰਤੂ 1947 ਤੋਂ ਪਿੱਛੋਂ ਪਿੰਡਾਂ ਦੀ ਬਣਤਰ ਅਤੇ ਪਿੰਡ ਵਿਚ ਰਹਿਣ ਵਾਲੀਆਂ ਵਿਭਿੰਨ ਜਾਤੀਆਂ ਦੇ ਵਸਨੀਕਾਂ ਦੇ ਆਪਸੀ ਰਿਸ਼ਤੇ ਵਿਚ ਇਕ ਖਾਸ ਕਿਸਮ ਦਾ ਪਰਿਵਰਤਨ ਆਇਆ ਹੈ। ਖੇਤੀ ਹੁਣ ਵਪਾਰ ਬਣ ਗਈ ਹੈ। ਦੁੱਧ ਵੀ ਵੇਚਿਆ ਜਾਣ ਲਗ ਪਿਆ ਹੈ। ਮੁਰੱਬੇਬੰਦੀ ਤੋਂ ਪਿਛੋਂ ਪਿੰਡਾਂ ਵਿਚ ਘਰਾਂ ਦੀ ਉਸਾਰੀ ਅਤੇ ਉਹਨਾਂ ਦੀ ਤਰਤੀਬਾਂ ਵਿੱਚ ਵੀ ਅੰਤਰ ਦਰਸਾਇਆ ਹੈ। ਹਰੇ ਇਨਕਲਾਬ ਦਾ ਆਰੰਭ ਮੁਰੱਬੇਬੰਦੀ ਅਤੇ ਖੇਤਾਂ ਲਈ ਪਾਣੀ ਲਈ ਟਿਊਬਵੈੱਲ ਦੇ ਹੋਂਦ ਵਿਚ ਆਉਣ ਵਿਚ ਸਥਿਤ ਹੈ। ਨਵੇ ਪਰਿਵਰਤਨਾਂ ਦੇ ਫਲਸਰੂਪ ਆਪਸੀ ਸਾਂਝਾਂ ਵਿਚ ਵੀ ਪਰਿਵਰਤਨ ਆਇਆ ਹੈ।

ਇਸ ਤਰ੍ਹਾਂ ਇਸ ਲੇਖ ਵਿਚ ਲੇਖਕ ਨੇ ਪੰਜਾਬ ਦੇ ਪਿੰਡਾਂ ਦੀ ਭੂਗੋਲਿਕ, ਸਮਾਜਕ, ਆਰਥਿਕ ਅਤੇ ਸਭਿਆਚਾਰਕ ਸਥਿਤੀ ਦੇ ਕੁਝ ਅਹਿਮ ਪਹਿਲੂਆਂ ਬਾਰੇ ਵਿਚਾਰ ਕੀਤਾ ਹੈ।

**(ੲ) 'ਗਰਾਮ ਦਿਉਂਤੇ' ਲੇਖ ਦਾ ਸਾਰ**

**1.4.1 ਭੂਮਿਕਾ**

ਭਾਰਤ ਦੇਵਤਿਆਂ ਦਾ ਦੇਸ਼ ਹੈ ਪਰੰਤੂ ਦੇਸ਼ ਦੇ ਹੋਰ ਕਈ ਖੇਤਰਾਂ ਵਾਂਗੂੰ ਪੰਜਾਬ ਵਿਚ ਵੀ ਕੁਝ ਅਜਿਹੇ ਦੇਵਤਿਆਂ ਦੀ ਹੋਂਦ ਮੰਨੀ ਜਾਂਦੀ ਹੈ ਜਿਨ੍ਹਾਂ ਦਾ ਅਧਿਕਾਰ ਕਿਸੇ ਵਿਸ਼ੇਸ਼ ਪਿੰਡ ਦੀ ਸੀਮਾ ਤੱਕ ਹੀ ਮੰਨਿਆ ਜਾਂਦਾ ਹੈ ਅਤੇ ਇਹ ਦੇਵਤੇ ਕੇਵਲ ਉਸ ਪਿੰਡ ਦੇ ਸਮੁੱਚੇ ਵਸਨੀਕਾਂ ਅਤੇ ਭੂਮੀ ਦੀ ਹੀ ਰੱਖਿਆ ਕਰਦੇ ਹਨ। ਇਹਨਾਂ ਦੀ ਪੂਜਾ ਵਿਧੀ ਵੀ ਹਰ ਇਕ ਪਿੰਡ ਦੀ ਆਪੋ ਆਪਣੀ ਹੋ ਸਕਦੀ ਹੈ।

**1.4.2 ਗਰਾਮ ਦੇਵਤਿਆਂ ਦਾ ਸਥਾਨ – 'ਦੇਹੁਰ' ਅਤੇ ਇਸ ਦੀ ਰੂਪਰੇਖਾ**

ਇਹਨਾਂ ਗਰਾਮ ਦੇਵਤਿਆਂ ਦੇ ਸਥਾਨ ਨੂੰ 'ਦੇਹੁਰ' ਕਿਹਾ ਜਾਂਦਾ ਹੈ, ਹੋ ਸਕਦਾ ਹੈ ਕਿ ਇਹ ਸ਼ਬਦ 'ਦੇਵ-ਗ੍ਰਹਿ' ਦਾ ਸੰਖੇਪ ਜਾਂ ਵਿਗੜਿਆ ਹੋਇਆ ਰੂਪ ਹੋਵੇ।

ਇਹਨਾਂ ਦੇਹੁਰਾਂ ਦੀ ਸ਼ਕਲ ਸੂਰਤ ਵੀ ਕਈ ਪ੍ਰਕਾਰ ਦੀ ਹੋ ਸਕਦੀ ਹੈ। ਨਦੀ ਨਾਲੇ ਤੋਂ ਇਕੱਠੇ ਕੀਤੇ ਗਏ ਗੀਟਿਆਂ ਦਾ ਢੇਰ, ਇੱਟਾਂ ਦੀ ਮਮਟੀ, ਆਲੇ ਦੀ ਸ਼ਕਲ ਦੀ ਉਸਾਰੀ, ਕਿਧਰੇ ਥੜ੍ਹਾ, ਇਹਨਾਂ ਦੀ ਦੂਰੋਂ ਹੀ ਪਛਾਣ ਲਈ ਦਰਖ਼ਤ ਉਤੋਂ ਕੋਈ ਝੰਡੀ ਲਗਾ ਦਿੱਤੀ ਜਾਂਦੀ ਹੈ।

**1.4.3 ਗਰਾਮ ਦਿਉਤਾ ਦੀਆਂ ਕਿਸਮਾਂ**

ਗਰਾਮ ਦਿਉਤੇ ਮੂਲ ਰੂਪ ਵਿਚ ਚਾਰ ਹਨ ਜੋ ਹੇਠ ਲਿਖੇ ਅਨੁਸਾਰ ਹਨ :

(ੳ) ਭੂੰਮੀਆ

(ਅ) ਖੇੜਾ

(ੲ) ਖੇਤਰਪਾਲ

(ਸ) ਸੀਮਾ ਦਿਉਤਰ।

ਇਹ ਚਾਰੇ ਵੱਖੋ ਵੱਖਰੇ ਹਨ ਪਰੰਤੂ ਕਈ ਵਾਰੀ ਇਹਨਾਂ ਦੇ ਅਧਿਕਾਰ ਖੇਤਰ ਵਿਚ ਰੋਲ ਘਚੋਲਾ ਵੀ ਹੋ ਜਾਂਦਾ ਹੈ। ਉਂਜ ਇਹ ਚਾਰੇ ਦੇਵਤੇ ਧਰਤੀ ਮਾਤਾ ਦਾ ਹੀ ਪਾਸਾਰ ਮੰਨੇ ਜਾਂਦੇ ਹਨ।

**1.4.4 ਭੂੰਮੀਆ**

ਗਰਾਮ ਦੇਵਤਿਆਂ ਵਿਚ ਪਹਿਲਾ ਸਥਾਨ ਭੂੰਮੀਏ ਨੂੰ ਪ੍ਰਾਪਤ ਹੈ। ਇਹ ਪਿੰਡ ਦੀ ਭੂਮੀ ਦਾ ਹੀ ਮਾਨਵੀਕਰਨ ਜਾਂ ਦੈਵੀਕਰਨ ਹੈ। ਧਰਤੀ ਮਾਤਾ ਅਖੰਡ ਰੂਪ ਵਿਚ ਸਾਰੀ ਪ੍ਰਿਥਵੀ ਤੇ ਵਿਦਮਾਨ ਹੈ ਅਤੇ ਇਹੋ ਸਭ ਨੂੰ ਧਨ ਦੌਲਤ ਅਤੇ ਅੰਨ ਬਖ਼ਸ਼ਦੀ ਹੈ ਪਰੰਤੂ ਇਹ ਦੇਵੀ ਬਦਰੂਹਾਂ ਤੋਂ ਮਨੁੱਖ ਦੀ ਰੱਖਿਆ ਨਹੀਂ ਕਰ ਸਕਦੀ ਅਤੇ ਨਾ ਹੀ ਉਸ ਦਾ ਦੁੱਖ ਹਰ ਸਕਦੀ ਹੈ। ਇਸ ਦੇ ਉਲਟ ਭੂੰਮੀਆ ਇਕ ਨਰ ਅਤੇ ਬਲਵਾਨ ਦੇਵਤਾ ਹੈ ਭਾਵੇਂ ਇਸ ਦਾ ਅਧਿਕਾਰ ਕਿਸੇ ਵਿਸ਼ੇਸ਼ ਪਿੰਡ ਦੇ ਖੇਤਾਂ ਤਕ ਹੀ ਫੈਲਿਆ ਹੁੰਦਾ ਹੈ। ਇਸ ਦਾ ਅਧਿਕਾਰ ਪਿੰਡ ਵਿਚ ਸੰਕਟ ਪੈਦਾ ਕਰਨ ਵਾਲੀਆਂ ਬਦਰੂਹਾਂ ਉਤੇ ਵੀ ਹੈ।

ਭੂੰਮੀਆ ਕਿਉਂਕਿ ਪਿੰਡ ਦੀ ਹਰ ਥਾਂ ਤੇ ਵਿਦਮਾਨ ਹੁੰਦਾ ਹੈ ਇਸ ਲਈ ਇਸ ਦੀ ਕੋਈ ਮੂਰਤੀ ਨਹੀਂ ਬਣਾਈ ਜਾਂਦੀ। ਇਸ ਦਾ ਵਸੋਂ ਸਥਾਨ ਜ਼ਰੂਰ ਹੁੰਦਾ ਹੈ ਜੋ ਪਿੰਡ ਤੋਂ ਬਹਾਰ ਜਾਂ ਪਿੰਡ ਦੇ ਕਿਸੇ ਛੱਪੜ ਦੇ ਕੰਢੇ ਤੇ ਹੁੰਦਾ ਹੈ। ਇਸ ਦੇ ਕਈ ਰੂਪ ਹੋ ਸਕਦੇ ਹਨ। ਕਿਧਰੇ ਇਹ ਚੂਨੇ ਮੱਠ ਥੜ੍ਹੇ ਦੀ ਸ਼ਕਲ ਵਿਚ ਹੁੰਦਾ ਹੈ ਅਤੇ ਕਿਧਰੇ ਪੰਜ ਇੱਟਾਂ ਦਾ ਬਣਿਆ ਹੁੰਦਾ ਹੈ। ਭਾਵੇਂ ਇਹ ਦਿਉਤਾ ਕਲਪਿਤ ਹੁੰਦਾ ਹੈ ਪਰੰਤੂ ਕਈ ਵਾਰ ਪਿੰਡ ਦੇ ਸੰਸਥਾਪਕ ਨੂੰ ਵੀ ਇਹ ਦਰਜਾ ਦੇ ਦਿੱਤਾ ਜਾਂਦਾ ਹੈ। ਕਈ ਵਾਰੀ ਪਿੰਡ ਬਨ੍ਹੱਣ ਤੋਂ ਬਾਅਦ ਜਿਹੜਾ ਵਿਅਕਤੀ ਸਭ ਤੋਂ ਪਹਿਲਾ ਮਰੇ ਉਸ ਦੀ ਸਮਾਧੀ ਨੂੰ ਹੀ ਭੂੰਮੀਏ ਦਾ ਦਰਜਾ ਦੇ ਦਿੱਤਾ ਜਾਂਦਾ ਹੈ। ਪਰੰਤੂ ਕਈ ਵਾਰੀ ਪਿੰਡ ਬੰਨ੍ਹਣ ਸਮੇਂ ਹੀ ਸਭ ਤੋਂ ਪਹਿਲਾਂ ਭੂੰਮੀਏ ਦੀ ਮਾੜੀ ਖੜੀ ਕੀਤੀ ਜਾਂਦੀ ਹੈ।

ਭੂੰਮੀਏ ਦੀ ਪੂਜਾ ਐਤਵਾਰ ਨੂੰ ਕੀਤੀ ਜਾਂਦੀ ਹੈ। ਨਵੇਂ ਜੰਮੇ ਬੱਚੇ ਨੂੰ ਪਹਿਲੇ ਐਤਵਾਰ ਭੂਮੀਏ ਦੀ ਮਾੜੀ ਤੇ ਲਿਜਾਇਆ ਜਾਂਦਾ ਹੈ। ਨਵੀਂ ਖਰੀਦੀ ਗਊ/ਮੱਝ ਦੀਆਂ ਜਾਂ ਸੱਜਰ ਸੂਈ ਦੀਆਂ ਮੁਢਲੀਆਂ ਧਾਰਾਂ ਹਮੇਸ਼ਾਂ ਭੂੰਮੀਏ ਨੂੰ ਭੇਟ ਕੀਤੀਆਂ ਜਾਂਦੀਆਂ ਹਨ।

ਭੂੰਮੀਏ ਦਾ ਮੂਲ ਸੁਭਾਅ ਕਲਿਆਣਕਾਰੀ ਹੈ। ਇਹ ਲੋਕਾਂ ਦੀਆਂ ਪ੍ਰਾਰਥਨਾਵਾਂ ਸੁਣਦਾ ਅਤੇ ਰੱਖਿਆ ਕਰਦਾ ਹੈ। ਇਹ ਕਿਸੇ ਨੂੰ ਨੁਕਸਾਨ ਨਹੀਂ ਪਹੁੰਚਾਦਾ, ਪਰੰਤੂ ਜੇਕਰ ਕੋਈ ਉਸ ਦਾ ਅਪਮਾਨ ਕਰੇ ਤਾਂ ਸਜ਼ਾ ਵੀ ਦਿੰਦਾ ਹੈ। ਕਈ ਭੂੰਮੀਏ ਖੋਰੀ ਸੁਭਾਅ ਦੇ ਵੀ ਮੰਨੇ ਗਏ ਹਨ।

**1.4.5 'ਖੇੜਾ ਦਿਉਂਤ'**

ਇਸ ਦਾ ਦਰਜਾ ਭੂੰਮੀਏ ਨਾਲੋਂ ਛੋਟਾ ਹੈ। ਮੂਲ ਰੂਪ ਵਿਚ ਇਹ ਪਿੰਡ ਦਾ ਰਖਿਅਕ ਹੁੰਦਾ ਹੈ। ਕਈ ਵਾਰੀ ਭੂੰਮੀਏ ਅਤੇ ਖੇੜੇ ਦਾ ਏਕੀਕਰਣ ਵੀ ਕਰ ਦਿੱਤਾ ਜਾਂਦਾ ਹੈ। ਭਾਵੇਂ ਕਿ ਇਹਨਾਂ ਦੋਹਾਂ ਦੇ ਅਧਿਕਾਰ ਖੇਤਰ ਵੱਖੋ ਵੱਖਰੇ ਹਨ : ਪਿੰਡ ਬੰਨ੍ਹਣ ਲਗਿਆਂ ਇੱਟਾਂ ਚੂਨੇ ਦਾ ਇਕ ਥੜਾ ਬਣਾ ਕੇ ਵਿਚਕਾਰ ਅਰਧ ਅੰਡਾਕਾਰ ਗੋਲਾ ਬਣਾ ਕੇ ਦੀਵਾ ਬਾਲਣ ਲਈ ਇਕ ਆਲਾ ਬਣਾਇਆ ਜਾਂਦਾ ਹੈ। ਇਹੋ ਇਸ ਦੇਵਤੇ ਦਾ ਸਥਾਨ ਹੈ। ਕਈ ਵਾਰੀ ਪਿੰਡ ਦੇ ਮੂਹਰਲੇ ਦਰਵਾਜ਼ੇ ਮੂਹਰੇ ਲਕੜੀ ਦਾ ਇਕ ਢਾਂਚਾ ਸਥਾਪਤ ਕਰਕੇ ਥੜਾ ਬਣਾ ਦਿੱਤਾ ਜਾਂਦਾ ਹੈ। ਇਹ ਪਿੰਡ ਵਾਸੀਆਂ ਦੀ ਬੀਮਾਰੀਆਂ ਆਦਿ ਤੋਂ ਰੱਖਿਆ ਕਰਦਾ ਹੈ। ਇਸ ਦੀ ਪੂਜਾ ਐਤਵਾਰ ਨੂੰ ਕੀਤੀ ਜਾਂਦੀ ਹੈ।

**1.4.6 ਖੇਤਰਪਾਲ**

ਜਿਹੜੇ ਦਿਉਤੇ ਖੇਤਾਂ ਨੂੰ ਕੁਦਰਤੀ ਆਫਤਾਂ ਤੋਂ ਬਚਾਉਂਦੇ, ਮੀਂਹ, ਝੱਖੜ ਆਦਿ ਤੋਂ ਰੱਖਿਆ ਕਰਦੇ ਹਨ, ਉਹਨਾਂ ਵਿਚੋਂ ਖੇਤਰਪਾਲ ਪ੍ਰਮੁੱਖ ਹੈ। ਇਸ ਦੀ ਪੂਜਾ ਵੀ ਐਤਵਾਰ ਨੂੰ ਹੁੰਦੀ ਹੈ। ਇਸ ਨੂੰ ਭੈਰੋਂ ਦਾ ਅਵਤਾਰ ਵੀ ਮੰਨਿਆ ਜਾਂਦਾ ਹੈ। ਇਸ ਦੀ ਪੂਜਾ ਨਾਲ ਧਰਤੀ ਦੀ ਉਪਜਾਇਕ ਸ਼ਕਤੀ ਵਿਚ ਵਾਧਾ ਹੁੰਦਾ ਹੈ। ਫ਼ਸਲ ਵੱਢਣ ਤੋਂ ਪਹਿਲਾਂ ਫਸਲ ਦੀ ਕੋਈ ਗੁੱਠ ਖੇਤਰਪਾਲ ਲਈ ਰਾਖਵੀਂ ਕਰ ਲਈ ਜਾਂਦੀ ਹੈ। ਕਈ ਵਾਰੀ ਇਸ ਦਾ ਭੂੰਮੀ ਦੇ ਨਾਲ ਏਕੀਕਰਣ ਵੀ ਕਰ ਲਿਆ ਜਾਂਦਾ ਹੈ। ਪਰੰਤੂ ਅਜਕਲ੍ਹ ਇਸ ਦੀ ਪੂਜਾ ਕੁਝ ਘਟਦੀ ਜਾ ਰਹੀ ਹੈ।

**1.4.7. ਸੀਮਾ ਦਿਉਤਾ**

ਇਸ ਦਾ ਅਧਿਕਾਰ ਪਿੰਡ ਦੀ ਸੀਮਾਂ ਦੇ ਅੰਦਰਵਾਰ ਹੁੰਦਾ ਹੈ ਅਤੇ ਇਹ ਬਦਰੂਹਾਂ, ਰੋਗ ਅਤੇ ਬੀਮਾਰੀਆਂ ਵਾਲੀਆਂ ਖੋਰੂ ਸ਼ਕਤੀਆਂ ਨੂੰ ਪਿੰਡ ਦੀ ਸੀਮਾਂ ਤੋਂ ਬਾਹਰ ਹੀ ਰੋਕ ਲੈਂਦਾ ਹੈ। ਪਿੰਡ ਦੀ ਸੀਮਾਂ ਤੋਂ ਬਾਹਰ ਵੱਖਰੇ ਦਿਉਤੇ ਦਾ ਅਧਿਕਾਰ ਖੇਤਰ ਹੁੰਦਾ ਹੈ। ਇਸੇ ਲਈ ਕੋਈ ਬਾਰਾਤ ਕਿਸੇ ਪਿੰਡ ਵਿਚ ਦਾਖਲ ਹੋਣ ਤੋਂ ਪਹਿਲਾਂ ਕਿਸੇ ਹੋਰ ਦੇਵਤੇ ਦੀ ਪੂਜਾ ਕਰਦੀ ਹੈ ਅਤੇ ਮੰਦਿਰ ਪੁੱਜ ਕੇ ਕਿਸੇ ਹੋਰ ਦੀ ਕਿਉਂਕਿ ਬਾਹਰਲੇ ਦੇਵਤੇ ਨੂੰ ਰੀਝਾਉਣਾ ਵੀ ਉਤਨਾ ਹੀ ਜ਼ਰੂਰੀ ਹੈ ਜਿੰਨਾ ਕਿ ਅੰਦਰਲੇ ਨੂੰ। ਜਦੋਂ ਨਾਲ ਦੇ ਕਿਸੇ ਪਿੰਡ ਵਿਚ ਕੋਈ ਬੀਮਾਰੀ ਫੈਲ ਗਈ ਹੋਵੇ ਤਾਂ ਸੀਮਾ ਦਿਉਤੇ ਦੀ ਪੂਜਾ ਕਰਨੀ ਜ਼ਰੂਰੀ ਹੋ ਜਾਂਦਾ ਹੈ। ਕਈ ਪਿੰਡਾਂ ਦੀ ਸੀਮਾ ਉਤੇ ਬਣੇ ਦਰਵਾਜੇ ਉਤੇ ਹੀ ਸੀਮਾ ਦਿਉਤੇ ਦੀ ਪੂਜਾ ਕੀਤੀ ਜਾਂਦੀ ਹੈ। ਪਿੰਡ ਦੀ ਸੀਮਾ ਉੱਤੇ ਕਿਸੇ ਰੁੱਖ ਹੇਠ ਪੱਥਰ-ਰਗੀਟਿਆਂ ਦੀ ਸ਼ਕਲ ਵਿਚ ਲੱਗਾ ਢੇਰ ਹੀ ਸੀਮਾ ਦਿਉਤੇ ਦਾ ਨਿਵਾਸ ਸਥਾਨ ਹੁੰਦਾ ਹੈ। ਅਜਕਲ੍ਹ ਇਸ ਦੀ ਪੂਜਾ ਕੁਝ ਪਿਛਲੇ ਪਿੰਡਾਂ ਤੱਕ ਹੀ ਸੀਮਿਤ ਰਹਿ ਗਈ ਹੈ।

**1.4.8 'ਗਰਾਮ ਦਿਉਤੇ ਦਾ ਵਿਸ਼ੈ ਵਸਤੂ'**

ਇਹ ਲੇਖ ਡਾ. ਵਣਜਾਰਾ ਬੇਦੀ ਦਾ ਲਿਖਿਆ ਹੋਇਆ ਹੈ। ਇਸ ਲੇਖ ਵਿਚ ਲੇਖਕ ਨੇ ਸਾਨੂੰ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਭਾਵੇਂ ਭਾਰਤ ਦੇਵਤਿਆਂ ਦਾ ਦੇਸ਼ ਹੈ ਅਤੇ ਇਹਨਾਂ ਵਿਚੋਂ ਕਈਆਂ ਦੀ ਪੂਜਾ ਸਾਰੇ ਭਾਰਤ ਵਿਚ ਹੁੰਦੀ ਹੈ ਪਰੰਤੂ ਫਿਰ ਵੀ ਕੁਝ ਕੁ ਅਜਿਹੇ ਦਿਉਤੇ ਹਨ ਜਿਹਨਾਂ ਦੀ ਪੂਜਾ ਸਥਾਨਕ ਜਾਂ ਪਿੰਡ ਦੇ ਪੱਧਰ ਉਤੇ ਹੁੰਦੀ ਹੈ। ਭਾਵ ਇਹ ਕਿ ਹਰ ਪਿੰਡ ਦੇ ਆਪਣੇ ਕੁਝ ਵਿਸ਼ਿਸ਼ਟ ਦੇਵਤੇ ਹੁੰਦੇ ਹਨ। ਇਹਨਾਂ ਦੇਵਤਿਆਂ ਨੂੰ ਮੂਲ ਰੂਪ ਵਿਚ ਚਾਰ ਨਾਂ ਦਿੱਤੇ ਜਾਂਦੇ ਹਨ :

(ੳ) ਭੂੰਮੀਆ (ਅ) ਖੇੜਾ (ੲ) ਖੇਤਰਪਾਲ (ਸ) ਸੀਮਾ

ਇਹਨਾਂ ਦੇਵਤਿਆਂ ਦਾ ਕਾਰਜ ਭਾਵੇਂ ਵੱਖੋ ਵੱਖਰਾ ਹੈ ਪਰੰਤੂ ਕਈ ਵਾਰੀ ਇਹ ਆਪਸ ਵਿਚ ਰਲਗਡ ਹੋ ਜਾਂਦੇ ਹਨ। ਇਹਨਾਂ ਵਿਚੋਂ ਪ੍ਰਮੁਖਤਾ ਭੂੰਮੀਆਂ ਨੂੰ ਪ੍ਰਾਪਤ ਹੈ। ਇਹ ਵੀ ਦੱਸਿਆ ਗਿਆ ਹੈ ਕਿ ਇਹ ਦਿਉਤੇ ਧਰਤੀ ਦੇ ਹੀ ਵੱਖੋ ਵੱਖਰੇ ਰੂਪ ਹਨ : ਇਸ ਤਰ੍ਹਾਂ ਇਸ ਲੇਖ ਦਾ ਵਿਸ਼ੈ ਵਸਤੂ ਸਥਾਨਕ ਦਿਉਤਿਆਂ ਬਾਰੇ, ਉਹਨਾਂ ਦੀ ਸਥਾਪਤੀ ਬਾਰੇ, ਉਹਨਾਂ ਦੇ ਅਧਿਕਾਰ ਖੇਤਰ ਬਾਰੇ ਅਤੇ ਉਹਨਾਂ ਦੀ ਪੂਜਾ ਵਿਧੀ ਬਾਰੇ ਜਾਣਕਾਰੀ ਦੇਣਾ ਹੈ।

ਪਾਠ ਨੰ. 1.2

## *ਪੰਜਾਬੀ ਲੋਕਾਂ ਦੀਆਂ ਰਹੁ-ਰੀਤਾਂ, ਵਿਸ਼ਵਾਸ ਅਤੇ ਭਰਮ, ਤੀਆਂ ਅਤੇ ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ, ਲੇਖਾਂ ਦਾ ਸਾਰ ਅਤੇ ਵਿਸ਼ੈ ਵਸਤੂ*

### (ੳ) ਪੰਜਾਬੀ ਲੋਕਾਂ ਦੀਆਂ ਰਹੁ-ਰੀਤਾਂ, ਵਿਸ਼ਵਾਸ ਅਤੇ ਭਰਮ

### 2.1.1 ਭੂਮਿਕਾ

ਰਹੁ-ਰੀਤਾਂ ਤੋਂ ਭਾਵ ਹੈ ਕਿਸੇ ਧਾਰਮਿਕ ਜਾਂ ਕਿਸੇ ਹੋਰ ਸ਼ੁਭ ਸਮੇਂ ਇਕ ਰਸਮੀ ਕਾਰਜ ਵਿਧੀ ਜਾਂ ਅਮਲ। ਇਹ ਇਕ ਪ੍ਰਕਾਰ ਦਾ ਲੋਕ ਵਿਹਾਰ ਹੈ ਜੋ ਭਾਈਚਾਰੇ ਵਿਚ ਵਿਚਰਨ ਲਈ ਉਚਿਤ ਨੇਮ ਪ੍ਰਦਾਨ ਕਰਦਾ ਹੈ। ਇਹਨਾਂ ਦੇ ਮੂਲ ਅਤੇ ਪ੍ਰਕਿਰਤੀ ਬਾਰੇ ਕਈ ਮੱਤ ਪ੍ਰਚਲਿਤ ਹਨ। (1) ਸੰਸਕਾਰ ਧਰਮ ਚਿੰਤਨ ਨਾਲ ਸੰਬੰਧਿਤ ਹਨ ਅਤੇ ਰੀਤਾਂ ਟੂਣਾ ਚਿੰਤਨ ਨਾਲ। ਜੇਕਰ ਇਹਨਾਂ ਨਾਲ ਧਾਰਮਿਕ ਭਾਵਨਾ ਜੁੜੀ ਹੋਵੇ ਤਾਂ ਇਹ ਧਰਮ ਦਾ ਹਿੱਸਾ ਹਨ ਅਤੇ ਜੇ ਕੋਈ ਲੌਕਿਕ ਭਾਵਨਾ ਜੁੜੀ ਹੋਵੇ ਤਾਂ ਇਹ ਸਮਾਜਕ ਜੀਵਨ ਦਾ ਅੰਗ ਹੁੰਦੀਆਂ ਹਨ ਪਰੰਤੂ ਲੋਕ ਧਰਮ ਨੂੰ ਸਮਾਜਕ ਜੀਵਨ ਤੋਂ ਵੱਖ ਕਰਨਾ ਅਸੰਭਵ ਜਾਪਦਾ ਹੈ।

### 2.1.2 ਜਨਮ ਸੰਬੰਧੀ ਰੀਤਾਂ

ਇਹ ਰੀਤਾਂ ਔਰਤ ਦੇ ਗਰਭ ਧਾਰਨ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ। ਭਾਵੇਂ ਗਰਭ ਵਿਚਲੇ ਬੱਚੇ ਦੇ ਲਿੰਗ ਦਾ ਪਤਾ ਨਹੀਂ ਸੀ ਲਗਦਾ ਫਿਰ ਵੀ ਇਹ ਰੀਤਾਂ ਬਹੁਤਾ ਕਰਕੇ ਮੁੰਡਾ ਹੋਣ ਨੂੰ ਹੀ ਸਾਹਮਣੇ ਰੱਖ ਕੇ ਕੀਤੀਆਂ ਜਾਂਦੀਆਂ ਹਨ। ਹਿੰਦੂ ਧਰਮ ਵਿਚ ਪੁੱਤਰ ਨੂੰ ਜਨਮ ਦੇਣ ਵਾਲੀ ਔਰਤ ਨੂੰ ਵਿਸ਼ੇਸ਼ ਸਥਾਨ ਹਾਸਿਲ ਹੈ। ਪੁੱਤਰ ਦਾ ਮਹੱਤਵ ਉਦੋਂ ਤੋਂ ਹੈ ਜਦੋਂ ਤੋਂ ਇਹ ਸਮਾਜ ਪਿਤਾ ਪ੍ਰਧਾਨ ਬਣਿਆ ਹੈ।

### 2.1.3 ਵਿਆਹ ਦੀਆਂ ਰੀਤਾਂ

ਵਿਆਹ ਸਮੇਂ ਕੀਤੀਆਂ ਗਈਆਂ ਰੀਤਾਂ ਵਿਆਹ ਨੂੰ ਇਕ ਦਿਲਚਸਪ ਅਵਸਰ ਬਣਾ ਦਿੰਦੀਆਂ ਹਨ। ਇਹ ਰੀਤਾਂ ਜੋੜੀ ਦੀ ਚਿਰੰਜੀਵਤਾ, ਵੰਸ਼ ਪਰੰਪਰਾ, ਸਦੀਵੀਂ ਹੁਲਾਸ ਅਤੇ ਚੰਦਰੀਆਂ ਰੂਹਾਂ ਤੋਂ ਰੱਖਿਆ ਦੀ ਭਾਵਨਾ ਨਾਲ ਕੀਤੀਆਂ ਜਾਂਦੀਆਂ ਹਨ।

ਪਿਛਲੇ ਸਮਿਆਂ ਵਿਚ ਵਿਆਹ ਸੰਬੰਧੀ ਕੁੜੀ, ਮੁੰਡੇ ਅਤੇ ਇਥੋਂ ਤੱਕ ਕਿ ਮਾਂ-ਬਾਪ ਦਾ ਵੀ ਬਹੁਤਾ ਦਖ਼ਲ ਨਹੀਂ ਹੁੰਦਾ ਜਿਥੇ ਵੀ ਉਚਿਤ ਸਮਝ ਕੇ ਵਿਚੋਲਾ ਜਾਂ ਬ੍ਰਾਹਮਣ ਕਰਾਉਂਦਾ ਸੀ, ਹੋ ਜਾਂਦਾ ਸੀ।

ਵਿਆਹ ਦੀਆਂ ਰੀਤਾਂ ਵਿਚ ਸੱਤ ਸੁਹਾਗਣਾ ਦਾ ਬੜਾ ਮਹੱਤਵ ਹੈ।

ਕੰਨਿਆ ਨੂੰ ਵਿਦਾ ਕਰਨ ਦੀ ਝਾਕੀ ਬੜੀ ਮਾਰਮਿਕ ਹੁੰਦੀ ਹੈ। ਇਸ ਮੌਕੇ ਤੇ ਗਾਏ ਜਾਣ ਵਾਲੇ ਗੀਤਾਂ ਦਾ ਪੰਜਾਬੀ ਲੋਕ ਸਾਹਿਤ ਵਿਚ ਕਾਫ਼ੀ ਮਹੱਤਵ ਹੈ।

ਕੁੜੀ ਦੇ ਸਹੁਰੇ ਪੁੱਜਣ ਉਤੇ ਸੱਸ ਪਾਣੀ ਵਾਰ ਕੇ ਪੀਂਦੀ ਹੈ ਜਿਸ ਦਾ ਭਾਵ ਇਹ ਹੈ ਕਿ ਸੱਸ ਉਸ ਦੀਆਂ ਸਾਰੀਆਂ ਬਲਾਵਾਂ ਆਪਣੇ ਸਿਰ ਲੈਣ ਲਈ ਤਿਆਰ ਹੈ।

### 2.1.4 ਮੌਤ ਦੀਆਂ ਰੀਤਾਂ

ਕਿਸੇ ਵਿਅਕਤੀ ਦੀ ਮੌਤ ਤੋਂ ਪਹਿਲਾਂ ਜਾਂ ਪਿਛੋਂ ਜੋ ਰੀਤਾਂ ਕੀਤੀਆਂ ਜਾਂਦੀਆਂ ਹਨ ਉਹਨਾਂ ਦਾ ਸੰਬੰਧ ਅਗਲੇ ਸੰਸਾਰ ਨੂੰ ਉਸ ਦੀ ਯਾਤਰਾ ਨੂੰ ਸੁਖਾਲਾ ਬਣਾਉਣਾ ਅਤੇ ਅਗਲੇ ਸੰਸਾਰ ਵਿਚ ਉਸ ਦੀ ਸਹਾਇਤਾ ਕਰਨਾ ਹੁੰਦਾ ਹੈ।

ਅੰਤਲੇ ਸਾਹ ਲੈ ਰਹੇ ਪ੍ਰਾਣੀ ਨੂੰ ਧਰਤੀ ਉਤੇ ਲਿਟਾ ਦਿੱਤਾ ਜਾਂਦਾ ਹੈ। ਉਸ ਦੇ ਸਿਰਹਾਣੇ ਦੀਵਾ ਬਾਲ ਦਿੱਤਾ ਜਾਂਦਾ ਹੈ। ਗਊ ਜਾਂ ਹੋਰ ਵਸਤੂਆਂ ਦਾਨ ਕਰਵਾਈਆਂ ਜਾਂਦੀਆਂ ਹਨ। ਮਰੇ ਪ੍ਰਾਣੀ ਦਾ ਸਿਆਪਾ ਕੀਤਾ ਜਾਂਦਾ ਹੈ। ਇਹ ਇਕ ਸੰਗਠਤ ਕਿਰਿਆ ਹੈ ਜਿਸ ਦੀ ਅਗਵਾਈ ਨੈਣ ਜਾਂ ਮਰਾਸਣ ਕਰਦੀ ਹੈ।

ਪਤੀ ਦੀ ਮੌਤ ਤੋਂ ਪਿਛੋਂ ਔਰਤ ਗਹਿਣੇ ਲਾਹ ਦਿੰਦੀ ਹੈ ਅਤੇ ਵਾਲ ਖਿਲਾਰ ਦਿੰਦੀ ਹੈ। ਪਤੀ

ਦੇ ਹੱਥਾਂ ਵਿਚ ਮਰਨ ਵਾਲੀ ਔਰਤ ਭਾਗਾਂ ਵਾਲੀ ਸਮਝੀ ਜਾਂਦੀ ਹੈ। ਸ਼ਾਇਦ ਇਸ ਦਾ ਕਾਰਨ ਆਰਥਿਕ ਪੱਖੋਂ ਔਰਤ ਦਾ ਮਰਦ ਉਤੇ ਨਿਰਭਰ ਹੋਣਾ ਹੈ।

ਜੇ ਕੋਈ ਬਜ਼ੁਰਗ ਪੂਰਾ ਆਨੰਦਮਈ ਜੀਵਨ ਭੋਗ ਕੇ ਮਰੇ ਤਾਂ ਉਸ ਦਾ 'ਵੱਡਾ' ਕੀਤਾ ਜਾਂਦਾ ਹੈ ਅਤੇ ਉਸ ਦੀ ਅਰਥੀ ਸ਼ਿੰਗਾਰ ਕੇ ਕੱਢੀ ਜਾਂਦੀ ਹੈ।

ਚਿਤਾ ਨੂੰ ਲਂਬੂ ਲਾਣ ਦਾ ਕਾਰਜ ਵੱਡਾ ਪੁੱਤਰ ਜਾਂ ਭਰਾ ਕਰਦਾ ਹੈ। ਕੋਈ ਔਰਤ ਚਿਤਾ ਨੂੰ ਅੱਗ ਨਹੀਂ ਲਾ ਸਕਦੀ।

ਤੀਜੇ ਚੌਥੇ ਦਿਨ ਮ੍ਰਿਤਕ ਦੇ ਫੁਲ ਚੁਣੇ ਜਾਂਦੇ ਹਨ। ਦਸ, ਗਿਆਰਾਂ ਜਾਂ ਤੇਰਾਂ ਦਿਨ ਮਗਰੋਂ ਕਿਰਿਆ ਕੀਤੀ ਜਾਂਦੀ ਹੈ। ਪਗੜੀ ਦੀ ਰਸਮ ਹੁੰਦੀ ਹੈ। ਮੁਸਲਮਾਨ ਮੁਰਦੇ ਨੂੰ ਦਫ਼ਨ ਕਰਦੇ ਹਨ ਅਤੇ ਉਹ ਚਾਲੀ ਦਿਨ ਤੱਕ ਸੋਗ ਮਨਾਉਂਦੇ ਹਨ।

### 2.1.5 ਰੀਤਾਂ ਦਾ ਸਾਰ

ਜੀਵਨ ਦੇ ਵੱਖ-ਵੱਖ ਪੜਾਵਾਂ ਨਾਲ ਸੰਬੰਧਿਤ ਇਹ ਰੀਤਾਂ ਲੋਕਾਂ ਦੀਆਂ ਭਾਵਨਾਵਾਂ, ਵਿਸ਼ਵਾਸਾਂ ਅਤੇ ਕਾਮਨਾਵਾਂ ਨੂੰ ਪ੍ਰਗਟਾਉਂਦੀਆਂ ਹਨ ਅਤੇ ਸਮਾਜ ਨੂੰ ਅੱਗੇ ਤੋਰਨ ਵਿਚ ਸਹਾਇਤਾ ਕਰਦੀਆਂ ਹਨ ਪਰੰਤੂ ਕਈ ਵਾਰੀ ਇਹ ਸਮਾਜ ਲਈ ਬੇੜੀਆਂ ਵੀ ਬਣ ਜਾਂਦੀਆਂ ਹਨ।

### 2.1.6 ਵਿਸ਼ਵਾਸ ਅਤੇ ਵਹਿਮ

ਵਿਸ਼ਵਾਸ ਨਿਸਚੇ ਜਾਂ ਯਕੀਨ ਪ੍ਰਤੀ ਇਕ ਮਾਨਸਿਕ ਅਵਸਥਾ ਹੈ। ਕਈ ਪੱਖਾਂ ਤੋਂ ਇਹ ਸਮਾਜ ਲਈ ਬੜੇ ਮਹੱਤਵਪੂਰਨ ਅਤੇ ਮੁੱਲਵਾਨ ਹਨ : ਵਿਸ਼ਵਾਸਾਂ ਵਿਚ ਵੀ ਵਹਿਮ, ਭਰਮ ਸ਼ਾਮਿਲ ਹਨ।

ਵਹਿਮ ਉਹ ਵਿਸ਼ਵਾਸ ਹੁੰਦੇ ਹਨ ਜਿਹਨਾਂ ਨੂੰ ਸਮਕਾਲੀ ਪੀੜ੍ਹੀ ਦੇ ਵਧੇਰੇ ਪ੍ਰਗਤੀਸ਼ੀਲ ਵਿਅਕਤੀ ਪ੍ਰਵਾਨ ਨਹੀਂ ਕਰਦੇ। ਕਈ ਵਿਦਵਾਨਾਂ ਨੇ ਤਾਂ ਇਹਨਾਂ ਨੂੰ ਮਨੁੱਖ ਦੀ ਜਾਂਗਲੀ ਜਾਂ ਵਹਿਮੀ ਅਵਸਥਾ ਦੇ ਵਿਸ਼ਵਾਸਾਂ ਅਤੇ ਵਿਹਾਰਾਂ ਦੀ ਖੂੰਹਦ ਆਖਿਆ ਹੈ।

ਵਿਸ਼ਵਾਸ ਅਤੇ ਵਹਿਮ ਇਕੋ ਸਿੱਕੇ ਦੇ ਦੋ ਪਾਸੇ ਹਨ ਜੋ ਸਾਨੂੰ ਪਰੰਪਰਾ ਤੋਂ ਪ੍ਰਾਪਤ ਹੋਇਆ ਹੈ। ਜਿਹਨਾਂ ਵਿਸ਼ਵਾਸਾਂ ਪਿਛੇ ਕੋਈ ਤਰਕਸ਼ੀਲ ਆਧਾਰ ਨਹੀਂ ਹੁੰਦਾ ਉਹ ਵਹਿਮ ਹੁੰਦੇ ਹਨ। ਇਹ ਸਭ ਕੁਝ ਸਾਨੂੰ ਅਚੇਤ ਹੀ ਵਿਰਾਸਤ ਵਿਚੋਂ ਮਿਲਦਾ ਹੈ।

ਇਕ ਵਿਦਵਾਨ ਵਿਸ਼ਵਾਸਾਂ ਅਤੇ ਵਹਿਮਾਂ ਨੂੰ ਤਿੰਨ ਉਪਵਰਗਾਂ ਵਿਚ ਵੰਡਦਾ ਹੈ (ੳ) ਚਿੰਨ੍ਹ ਉਪਵਰਗ (ਅ) ਟੂਣਾ ਉਪਵਰਗ (ੲ) ਪ੍ਰਤਿਵਰਤ ਉਪਵਰਗ : ਚਿੰਨ੍ਹ, ਉਪਵਰਗ ਦੇ ਅੱਗੋਂ ਦੋ ਉਪਭਾਗ ਹਨ : ਪਹਿਲਾ ਵਸੀਕਾਰ ਚਿੰਨ੍ਹ ਹੈ ਭਾਵ ਜੇ ਇਹ ਕਰੋਗੇ ਤਾਂ ਇਹ ਹੋਵੇਗਾ, ਦੂਜਾ ਉਪਭਾਗ ਸ਼ਗਨ/ਅਪਸ਼ਗਨ ਦਾ ਹੈ ਜਿਸ ਵਿਚ ਮੌਸਮੀ ਅਤੇ ਸੁਪਨ ਚਿੰਨ੍ਹ ਆਉਂਦੇ ਹਨ ਇਸ ਨੂੰ ਇਵੇਂ ਪ੍ਰਗਟ ਕੀਤਾ ਜਾ ਸਕਦਾ ਹੈ। ਜੇ ਇਹ ਹੋਇਆ ਤਾਂ ਸਿੱਟਾ ਇਹ ਨਿਕਲੇਗਾ। ਤੀਜਾ ਉਪਵਰਗ ਅਜਿਹਿਆਂ ਦਾ ਹੈ ਜਿਹਨਾਂ ਦੇ ਪ੍ਰਭਾਵ ਨੂੰ ਉਪਾਵਾਂ ਨਾਲ ਘਟਾਇਆ ਜਾ ਸਕਦਾ ਹੈ।

ਵਿਸ਼ਵਾਸ ਜਾਂ ਵਹਿਮ ਸਥਾਨਕ ਵੀ ਹੁੰਦੇ ਹਨ ਅਤੇ ਵਿਆਪਕ ਵੀ ਜਿਵੇਂ ਨਜ਼ਰ ਲੱਗਣ ਦਾ ਵਹਿਮ ਲਗਭਗ ਸਾਰੇ ਸੰਸਾਰ ਵਿਚ ਹੀ ਹੈ।

ਵਿਸ਼ਵਾਸ, ਵਹਿਮਾਂ ਤੇ ਪਰੰਪਰਾਵਾਂ ਦੀ ਜੜ੍ਹ, ਜਾਤੀ ਜਾਂ ਲੋਕ ਦੇ ਸਭਿਆਚਾਰ ਵਿਚ ਹੁੰਦੀ ਹੈ ਜਿਵੇਂ ਕਿ ਬ੍ਰਾਹਮਣ ਆਦਿ ਨਾਲ ਸੰਬੰਧਿਤ ਵਿਸ਼ਵਾਸ ਕੇਵਲ ਹਿੰਦੂ ਸਮਾਜ ਵਿਚ ਹੀ ਜਨਮ ਲੈ ਸਕਦੇ ਹਨ। ਬਿਲੀ ਦਾ ਰਸਤਾ ਕੱਟਣਾ, ਮਾਮੇ ਭਾਣਜੇ ਦਾ ਇਕੱਠਾ ਇਕੋ ਥਾਂ ਉਸ ਸਮੇਂ ਬੈਠਣਾ ਜਦੋਂ ਬਿਜਲੀ ਚਮਕ ਰਹੀ ਹੋਵੇ ਆਦਿ ਕੁਝ ਮੁਖ ਵਹਿਮ/ਵਿਸ਼ਵਾਸ ਹਨ।

### 2.1.7 'ਪੰਜਾਬੀ ਲੋਕਾਂ ਦੀਆਂ ਰਹੁ-ਰੀਤਾਂ, ਵਿਸ਼ਵਾਸ ਅਤੇ ਭਰਮ' ਦਾ ਵਿਸ਼ੈ ਵਸਤੂ

ਇਹ ਲੇਖ ਡਾ. ਚਰਨਜੀਤ ਸਿੰਘ ਦਾ ਲਿਖਿਆ ਹੋਇਆ ਹੈ। ਇਸ ਦੇ ਵਿਸ਼ੈ ਦਾ ਸੰਬੰਧ ਰਹੁ-ਰੀਤਾਂ, ਵਿਸ਼ਵਾਸਾਂ ਅਤੇ ਭਰਮਾਂ/ਵਹਿਮਾਂ ਦੇ ਪਿਛੇ ਛੁਪੀ ਹੋਈ ਅਸਲ ਭਾਵਨਾ ਦਾ ਪ੍ਰਗਟਾਵਾ ਹੈ ਅਤੇ ਦੱਸਣਾ ਹੈ ਕਿ ਇਹਨਾਂ ਦਾ ਸੰਬੰਧ ਕਿਵੇਂ ਸਮਾਜ ਨਾਲ ਜੁੜਿਆ ਹੋਇਆ ਹੁੰਦਾ ਹੈ। ਅਲੱਗ ਅਲੱਗ ਸਮੇਂ ਕੀਤੀਆਂ ਜਾਂਦੀਆਂ ਰੀਤਾਂ ਦਾ ਅਸਲ ਮਨੋਰਥ ਕੀ ਹੈ, ਇਸ ਦੀ ਜਾਣਕਾਰੀ ਵੀ ਸਾਨੂੰ ਲੇਖਕ ਨੇ ਕਰਵਾਈ ਹੈ। ਰੀਤਾਂ ਤੋਂ ਇਲਾਵਾ ਲੇਖਕ ਨੇ ਸਾਨੂੰ ਇਹ ਵੀ ਦੱਸਿਆ ਹੈ ਕਿ ਇਕ ਪੀੜ੍ਹੀ ਦੇ ਵਿਸ਼ਵਾਸ ਦੂਜੀ ਪੀੜ੍ਹੀ ਲਈ ਵਹਿਮ

ਬਣ ਜਾਂਦੇ ਹਨ। ਲੇਖਕ ਨੇ ਸਾਨੂੰ ਇਹ ਵੀ ਦੱਸਿਆ ਹੈ ਕਿ ਕਈ ਵਾਰੀ ਇਹਨਾਂ ਵਹਿਮਾਂ/ਵਿਸ਼ਵਾਸਾ ਦਾ ਸੋਮਾ ਸਥਾਨਕ ਜਾਂ ਵਿਸ਼ੇਸ਼ ਸਮਾਜ ਹੀ ਹੁੰਦਾ ਹੈ। ਜਿਵੇਂ ਕਿ ਬ੍ਰਾਹਮਣ ਬਾਰੇ ਵਿਸ਼ਵਾਸ ਕੇਵਲ ਹਿੰਦੂ ਸਮਾਜ ਵਿਚ ਹੀ ਹੋ ਸਕਦਾ ਹੈ ਜਦੋਂ ਕਿ ਵਿਸ਼ਵਾਸ/ਵਹਿਮ ਵਿਸ਼ਵ ਵਿਆਪੀ ਹੁੰਦੇ ਹਨ ਜਿਵੇਂ ਕਿ ਨਜ਼ਰ ਲਗਣਾ ਆਦਿ। ਲੇਖਕ ਸਾਨੂੰ ਇਹ ਵੀ ਦ੍ਰਿੜ ਕਰਵਾਂਦਾ ਹੈ ਕਿ ਵਿਸ਼ਵਾਸ ਅਤੇ ਵਹਿਮ ਲੋਕ ਜੀਵਨ ਦਾ ਜ਼ਰੂਰੀ ਅੰਗ ਹਨ।

## ਤੀਆਂ ਲੇਖ ਦਾ ਸਾਰ

### 2.2.1 ਤੀਆਂ ਦੀ ਤਿਆਰੀ

ਪੰਜਾਬ ਦੇ ਹਰ ਪਿੰਡ ਵਿਚ ਤੀਆਂ (ਤੀਜ) ਦਾ ਤਿਉਹਾਰ ਬੜੇ ਧੂਮ ਧੜਕੇ ਨਾਲ ਮਨਾਇਆ ਜਾਂਦਾ ਹੈ। ਇਸਨੂੰ ਸਾਵਿਆਂ (ਹਰਿਆਲੀ) ਦਾ ਤਿਉਹਾਰ ਵੀ ਆਖਦੇ ਹਨ। ਤੀਆਂ ਅਸਲ ਵਿਚ ਤੀਵੀਆਂ ਜਾਂ ਖਾਸ ਕਰਕੇ ਜੁਆਨ ਕੁੜੀਆਂ ਦੇ ਹਸਣ ਖੇਡਣ ਦਾ ਉਤਸਵ ਹੁੰਦਾ ਹੈ। ਤੀਆਂ ਦਾ ਆਰੰਭ ਸਾਵਣ ਮਹੀਨੇ ਦੀ ਤੀਜ ਤੋ ਹੁੰਦਾ ਹੈ ਅਤੇ ਪੰਦਰਾਂ ਦਿਨਾਂ ਤੱਕ ਮਨਾਇਆ ਜਾਂਦਾ ਹੈ।ਤੀਆਂ ਨੂੰ ਕੁੜੀਆਂ ਨੂੰ ਸਹੁਰਿਆਂ ਤੋ ਪੇਕੇ ਲਿਆਣ ਦਾ ਰਿਵਾਜ ਬਹੁਤ ਪੁਰਾਣਾ ਹੈ।

ਇਕ ਵਹਿਮ ਇਹ ਵੀ ਹੈ ਕਿ ਪਿੰਡਾਂ ਦੇ ਲੋਕਾਂ ਦਾ ਇਹ 'ਵਿਚਾਰ' ਹੈ ਕਿ ਸਾਉਣ ਵਿਚ ਨਵ-ਵਿਆਹੀਆ ਆਪਣੇ ਪਤੀਆਂ ਤੋ ਦੂਰ ਰਹਿਣ ਇਸਦੇ ਪਿਛੇ ਛੁਪੀ ਹੋਈ ਭਾਵਨਾ ਤਾਂ ਇਹ ਹੈ ਕਿ ਬੱਚੇ ਕੱਤੇਂ ਦੇ ਮਹੀਨੇ ਨਾਂਹ ਪੈਦਾ ਹੋਣ ਕਿਉਂਕਿ ਕੱਤੇਂ ਵਿਚ ਕਿਸਾਨਾ ਨੂੰ ਬਹੁਤ ਕੰਮ ਹੁੰਦਾ ਹੈ।

ਹਰ ਪਿੰਡ ਵਿਚ ਤੀਆਂ ਮਨਾਉਣ ਵਾਲੀ ਥਾਂ ਨਿਸ਼ਚਿਤ ਹੁੰਦੀ ਹੈ ਕੋਈ ਟੋਭਾ ਕੋਈ ਬਰੋਟਾ ਕੋਈ ਖੂਹ ਆਦਿ।

### 2.2.2 ਤੀਆਂ ਅਤੇ ਵੀਰ

ਤੀਆਂ ਨੂੰ ਵੀਰ ਭੈਣ ਦੇ ਸਹੁਰੇ ਜਾ ਕੇ ਉਸ ਨੂੰ ਆਪਣੇ ਨਾਲ ਲੈ ਕੇ ਪੇਕੇ ਆਉਂਦਾ ਹੈ। ਤੀਆਂ ਨੂੰ ਭੈਣਾ ਆਪਣੇ ਭਰਾਵਾਂ ਨੂੰ ਉਡੀਕਦੀਆਂ ਹਨ। ਔਸੀਆਂ ਪਾਂਦੀਆਂ, ਕਾਗ ਉਡਾਂਦੀਆਂ, ਗੀਤ ਗਾਂਦੀਆਂ ਹਨ। ਵੀਰ ਦਾ ਬੋਤਾ ਸ਼ੁਭ ਸ਼ਗਨਾ ਦਾ ਚਿੰਨ੍ਹ ਅਤੇ ਪੇਕਿਆਂ ਦਾ ਦੂਤ ਬਣ ਜਾਂਦਾ ਹੈ। ਵੀਰ ਦੇ ਨਾਲ ਨਾਲ ਭੈਣ ਬੋਤੇ ਦੀ ਵੀ ਖਾਤਰਦਾਰੀ ਕਰਦੀ ਹੈ। ਭੈਣ ਆਪਣੇ ਭਰਾ ਤੋਂ ਪੇਕਿਆਂ ਦੀ ਹਰ ਚੀਜ਼, ਆਪਣੀਆ ਸਹੇਲੀਆਂ, ਆਂਢ ਗੁਆਂਢ ਆਦਿ ਸਭ ਬਾਰੇ ਪੁੱਛਦੀ ਹੈ। ਉਸਦੀਆਂ ਗੱਲਾਂ ਖ਼ਤਮ ਹੀ ਨਹੀਂ ਹੁੰਦੀਆਂ। ਭਰਾ ਕਹਿੰਦਾ ਹੈ ਕਿ ਤੂੰ ਉਥੇ ਜਾਣਾ ਤਾਂ ਹੈ, ਉਥੇ ਜਾਕੇ ਹੀ ਸਭ ਕੁਝ ਆਪੇ ਜਾਣ ਲਈਂ। ਪੇਕਿਆਂ ਦੀਆਂ ਗੱਲਾਂ ਕਰਦਿਆਂ ਕਰਦਿਆਂ ਸਹੁਰਾ ਦੇਸ਼ ਬਿਗਾਨਾ ਲੱਗਣ ਲੱਗ ਪੈਂਦਾ ਹੈ।

### 2.2.3 ਤੀਆਂ ਦੇ ਗੀਤ

ਤੀਆਂ ਦੇ ਬਹੁਤੇ ਗੀਤਾਂ ਦਾ ਸੰਬੰਧ ਭਰਾ ਨਾਲ ਹੁੰਦਾ ਹੈ।

ਕੁਝ ਗੀਤ ਇਸ ਪ੍ਰਕਾਰ ਹਨ:

ਵੀਰ ਮੇਰਿਆ ਅੰਮਾਂ ਦਿਆ ਜਾਇਆ
ਤੈਨੂੰ ਵੇਖਕੇ ਚੰਨ ਚੜ ਜੇ
ਇਕ ਵੀਰ ਦੇਈ ਵੇ ਰੱਬਾ, ਸਹੁੰ ਖਾਣ ਨੂੰ ਬੜਾ ਚਿਤ ਕਰਦਾ
ਦੋ ਵੀਰ ਦੇਈਂ ਵੇ ਰੱਬਾ, ਮੇਰੀ ਸਾਰੀ ਉਮਰ ਦੇ ਮਾਪੇ।
ਬੋਤਾ ਉਹ ਲਿਆਈਂ ਵੀਰਨਾ, ਜਿਹੜਾ ਡੰਡੀਆਂ ਹਿਲਣ ਨਾ ਦੇਵੇ।

ਜੇਕਰ ਕਿਸੇ ਕਾਰਨ ਵੀਰ ਲੈਣ ਨ ਆਵੇ ਤਾਂ ਮਿਹਣੇ ਵੀ ਮਿਲਦੇ ਹਨ:

ਬਹੁਤਿਆਂ ਭਰਾਵਾਂ ਵਾਲੀਏ, ਤੈਨੂੰ ਤੀਆਂ ਨੂੰ ਲੈਣ ਨਾ ਆਏ।

ਜਿਹਨਾਂ ਕੁੜੀਆਂ ਦੇ ਵੀਰ ਨਹੀਂ ਹੁੰਦਾ ਉਹਨਾਂ ਦਾ ਕੀ ਹਾਲ ਹੁੰਦਾ ਹੈ, ਇਸ ਦਾ ਵਰਣਨ ਵੀ ਗੀਤਾਂ ਵਿਚ ਮਿਲ ਜਾਂਦਾ ਹੈ।

ਭੈਣਾਂ ਰੋਂਦੀਆਂ ਪਿਛੋਕੜ ਖੜ੍ਹ ਕੇ,
ਜਿਹਨਾਂ ਦੇ ਘਰ ਵੀਰ ਨਹੀਂ

### 2.2.4 ਸੰਧਾਰਾ

ਜਿਹੜੀ ਕੁੜੀ ਨੂੰ ਤੀਆਂ ਦੇ ਦਿਨੀ ਪੇਕੀਂ ਨ ਲਿਆਂਦਾ ਗਿਆ ਹੋਵੇ, ਉਸ ਨੂੰ ਤੀਆਂ ਦੇ ਦਿਨੀ ਸਹੁਰੇ

ਘਰ ਹੀ ਸੰਧਾਰਾ ਭੇਜਿਆ ਜਾਂਦਾ ਹੈ ਜਿਸ ਵਿਚ ਘੱਟੋ ਘੱਟ ਇਕ ਕੁੜਤੀ, ਸੁੱਥਣ ਵਾਲਾ ਤਿਉਰ, ਗੁੜ ਦੇ ਗੁਲਗੁਲੇ ਜਾਂ ਡੋਲ ਸ਼ੱਕਰ, ਇਕ ਰੁਪਿਆ ਜ਼ਰੂਰ ਹੁੰਦਾ ਹੈ।

ਅਣਮੁਕਲਾਈਆਂ ਕੁੜੀਆਂ ਲਈ ਸੰਧਾਰਾ ਸਹੁਰਿਆਂ ਵਲੋਂ ਆਉਂਦਾ ਹੈ ਜਿਸ ਵਿਚ ਕਪੜਿਆਂ ਤੋਂ ਇਲਾਵਾ ਸੂਤ ਦੀ ਰੰਗੋਲੀ ਅਤੇ ਝੂਟਣ ਵਾਲੀ ਪੀਂਘ ਭੇਜੀ ਜਾਂਦੀ ਹੈ। ਕਈ ਆਪਣੀ ਸ਼ਾਨ ਵਿਖਾਣ ਲਈ ਕੋਈ ਗਹਿਣਾ ਵੀ ਭੇਜ ਦਿੰਦੇ ਹਨ:

### 2.2.5. ਤੀਆਂ ਲੇਖ ਦਾ ਵਿਸ਼ੈ ਵਸਤੂ

ਇਸ ਲੇਖ ਦਾ ਲੇਖਕ ਗਿਆਨੀ ਗੁਰਦਿੱਤ ਸਿੰਘ ਹੈ। ਇਸ ਲੇਖ ਵਿਚ ਲੇਖਕ ਨੇ ਤੀਆਂ ਦੇ ਤਿਉਹਾਰ ਦਾ ਸਮਾਂ ਦਸਦਿਆਂ ਹੋਇਆ ਸਾਵਣ ਦੇ ਮਹੀਨੇ ਵਿਆਹੀਆਂ ਹੋਈਆਂ ਔਰਤਾਂ ਦੇ ਪੇਕੇ ਆਣ ਦਾ ਕਾਰਣ ਇਹ ਦਸਿਆ ਹੈ ਕਿ ਇਸ ਮਹੀਨੇ ਗਰਭਵਤੀ ਹੋਈਆਂ ਔਰਤਾਂ ਦੇ ਬੱਚੇ ਕੱਤਕ ਵਿਚ ਹੁੰਦੇ ਹਨ ਅਤੇ ਕੱਤੇ ਵਿਚ ਕਿਸਾਨਾਂ ਦੇ ਹੋਰ ਰੁਝੇਂਵੇ ਹੋਣ ਕਰਕੇ ਇਹ ਸਮਾਂ ਉਹਨਾਂ ਲਈ ਇਸ ਪੱਖੋਂ ਸੁਖਾਵਾ ਨਹੀਂ ਹੁੰਦਾ, ਲੇਖਕ ਨੇ ਤੀਆਂ ਦੇ ਨਾਲ ਜੋੜ ਕੇ ਭੈਣ ਭਰਾ ਦੇ ਪਿਆਰ ਦੀ ਅਮਰ ਗੱਲ ਨੂੰ ਬਾਖੂਬੀ ਪੇਸ਼ ਕੀਤਾ ਹੈ ਅਤੇ ਬਹੁਤ ਸਾਰੇ ਲੋਕ ਗੀਤਾਂ ਦੀਆਂ ਉਦਾਹਰਣਾਂ ਸਹਿਤ ਇਹ ਦਰਸਾਇਆ ਹੈ ਕਿ ਕਿਸੇ ਲੜਕੀ ਲਈ ਘਟੋਘਟ ਇਕ ਜਾਂ ਇਕ ਤੋਂ ਵਧੇਰੇ ਭਰਾਵਾਂ ਦਾ ਹੋਣਾ ਕੀ ਮਹੱਤਵ ਰੱਖਦਾ ਹੈ। ਭਰਾ ਹੀ ਸਾਰੀ ਉਮਰ ਲਈ ਪੇਕੇ ਹੁੰਦੇ ਹਨ। ਜਿਹਨਾਂ ਦੇ ਭਰਾ ਨਹੀਂ ਹੁੰਦੇ ਉਹਨਾਂ ਦੇ ਦੁੱਖ ਨੂੰ ਵੀ ਪੇਸ਼ ਕੀਤਾ ਗਿਆ ਹੈ। ਲੇਖਕ ਨੇ ਸੰਧਾਰੇ ਬਾਰੇ ਵੀ ਜਾਣਕਾਰੀ ਦਿੱਤੀ ਹੈ। ਇਸ ਤਰ੍ਹਾਂ ਇਸ ਲੇਖ ਦਾ ਵਿਸ਼ੈ ਤੀਆਂ ਬਾਰੇ ਸਰਵਪੱਖੀ ਜਾਣਕਾਰੀ ਦੇਣਾ ਹੈ।

## ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ

### 2.3.1 ਭੂਮਿਕਾ

ਲੋਕ ਸਾਹਿਤ ਦੀ ਪਰਿਭਾਸ਼ਾ ਵਿਸ਼ਿਸ਼ਟ ਸਾਹਿੱਤ ਦੇ ਪ੍ਰਸੰਗ ਵਿਚ ਹੀ ਕਰਨ ਦਾ ਯਤਨ ਕੀਤਾ ਜਾਂਦਾ ਹੈ। ਵਿਸ਼ਿਸ਼ਟ ਸਾਹਿਤ ਵਿਅਕਤੀ ਵਿਸ਼ੇਸ਼ ਦੀ ਰਚਨਾ ਹੁੰਦਾ ਹੈ ਅਤੇ ਇਸ ਨਾਲ ਲੇਖਕ ਦੇ ਨਾਂ ਅਤੇ ਸ਼ੈਲੀ ਦੀ ਮੁਹਰ ਛਾਪ ਲੱਗੀ ਹੋਈ ਹੁੰਦੀ ਹੈ। ਇਸ ਦੇ ਮੁਕਾਬਲੇ ਲੋਕ ਸਾਹਿਤ ਨੂੰ ਇਕ ਪੂਰਾ ਸਭਿਆਚਾਰਕ ਸਮੂਹ ਵੀ ਮੰਨਿਆ ਜਾਂਦਾ ਹੈ। ਇਸੇ ਪ੍ਰਸੰਗ ਵਿਚ ਹੀ ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ ਦੀ ਗੱਲ ਕੀਤੀ ਗਈ ਹੈ।

### 2.3.2 ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ

ਸਾਮੂਹਿਕ ਸਿਰਜਣਾ, ਲੋਕ ਮਾਨਸ ਦਾ ਪ੍ਰਗਟਾਵਾ ਲੋਕ ਰੂੜੀਆਂ, ਲੋਕ ਪ੍ਰਵਾਨਗੀ, ਮੌਖਿਕ ਸੰਚਾਰ ਅਤੇ ਪਰੰਪਰਾਈ ਤੱਤ ਲੋਕ ਸਾਹਿਤ ਦੇ ਲੱਛਣ ਹਨ: ਲੋਕ ਸਾਹਿਤ ਦਾ ਸੰਚਾਰ ਪੀੜ੍ਹੀ ਦਰ ਪੀੜ੍ਹੀ ਮੌਖਿਕ ਰੂਪ ਵਿਚ ਹੁੰਦਾ ਰਹਿੰਦਾ ਹੈ। ਜਿਸ ਕਰਕੇ ਸਮੇ ਦੀਆਂ ਲੋੜਾਂ ਅਨੁਸਾਰ ਇਸ ਵਿਚ ਕੁਝ ਪਰਿਵਰਤਨ ਵੀ ਆਉਂਦਾ ਰਹਿੰਦਾ ਹੈ। ਅਜ ਭਾਵੇਂ ਲੋਕ ਸਾਹਿੱਤ ਲਿਖਤ ਰੂਪ ਵਿਚ ਵੀ ਉਪਲਬਧ ਹੋਣ ਲੱਗ ਪਿਆ ਹੈ ਪਰੰਤੂ ਇਸ ਦਾ ਕੋਈ ਵੀ ਲਿਖਤ ਰੂਪ ਪ੍ਰਮਾਣਿਕ ਨਹੀ ਹੁੰਦਾ ਕਿਉਂਕਿ ਇਸਦੇ ਸੰਚਾਰ ਦਾ ਸੁਭਾਵਕ ਮਾਧਿਅਮ ਮੌਖਿਕ ਹੀ ਰਹਿੰਦਾ ਹੈ।

### 2.3.3 ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿੱਤ

ਲੋਕ ਸਾਹਿਤ ਦੀ ਖੂਬਸੂਰਤੀ ਵਿਸ਼ਿਸ਼ਟ ਸਾਹਿਤ ਵਾਂਗੂੰ ਇਸ ਦੀ ਭਾਸ਼ਾ ਅਤੇ ਸੈਲੀ ਵਿਚ ਨਹੀ ਹੁੰਦੀ ਸਗੋਂ ਇਸ ਵਿਚ ਵਰਤੀਆਂ ਗਈਆਂ ਲੋਕ ਰੁੜੀਆਂ ਦੇ ਅਨੋਖੇਪਨ ਵਿਚ ਹੁੰਦੀ ਹੈ। ਵਿਸ਼ਿਸ਼ਟ ਸਾਹਿੱਤ ਲੋਕ ਮਾਨਸਿਕਤਾ ਨੂੰ ਆਪਣੇ ਆਪ ਵਿਚ ਸਮੋ ਤਾਂ ਲੈਂਦਾ ਹੈ ਪਰੰਤੂ ਇਹ ਇਸਦਾ ਪਰਿਭਾਸ਼ਤ ਲੱਛਣ ਨਹੀ ਹੁੰਦਾ। ਵਿਸ਼ਿਸ਼ਟ ਸਾਹਿਤ ਤਾਂ ਕਈ ਵਾਰੀ ਕੁਝ ਅਜਿਹੀਆਂ ਗੱਲਾਂ ਵੀ ਕਰਦਾ ਹੈ। ਜਿਹਨ੍ਹਾਂ ਦੀ ਪ੍ਰਵਾਨਗੀ ਲੋਕ ਮਾਨਸ ਤੋ ਨਹੀ ਮਿਲ ਸਕਦੀ। ਇਸਦੇ ਉਲਟ ਕੋਈ ਰਚਨਾ ਉਦੋ ਤੱਕ ਲੋਕ ਸਾਹਿਤ ਨਹੀ ਬਣ ਸਕਦੀ ਜਦੋ ਤੱਕ ਇਹ ਲੋਕ ਮਨ ਦੀਆਂ ਬਿਰਤੀਆਂ ਅਨੁਸਾਰ ਖਰੀ ਨਹੀ ਉਤਰਦੀ...

### 2.3.4 ਲੋਕ ਸਾਹਿਤ ਦੀ ਰਚਨਾ ਪ੍ਰਕਿਰਿਆ

ਲੋਕ ਸਾਹਿਤ ਵੀ ਰਚਿਆ ਤਾਂ ਕਿਸੇ ਇਕ ਵਿਅਕਤੀ ਵਲੋ ਹੀ ਜਾਂਦਾ ਹੈ। ਪਰੰਤੂ ਸਹਿਜੇ-ਸਹਿਜੇ ਉਹ ਸਾਮੂਹਿਕ ਰਚਨਾ ਦਾ ਦਰਜਾ ਇਖ਼ਤਿਆਰ ਕਰ ਲੈਂਦਾ ਹੈ ਕਿਉਂਕਿ ਸਿਰਜਣਾਤਮਕਤਾ ਦਾ ਪ੍ਰਗਟਾਵਾ ਵਿਅਕਤੀਗਤ ਹੀ ਹੋ ਸਕਦਾ ਹੈ। ਜੇਕਰ ਸਾਮੂਹਿਕ ਸਿਰਜਣਾ ਦੀ ਕਲਪਨਾ ਕਰੀਏ ਤਾਂ ਮੰਨਣਾ ਪਵੇਗਾ ਕਿ ਇਕ ਪਿੰਡ ਦੇ ਬਹੁਤ ਸਾਰੇ ਵਾਸੀ ਇਕਠੇ ਬੈਠਕੇ ਅਤੇ ਮਿੱਥ ਕੇ ਰਚਨਾ ਕਰਨਾ। ਇਹ ਸੰਭਵ ਪ੍ਰਤੀਤ ਨਹੀ ਹੁੰਦਾ... ਜੇ ਇਹ

ਮੰਨ ਵੀ ਲਈਏ ਤਾਂ ਇਸ ਸਭਿਆਚਾਰਕ ਸਮੂਹ ਦੇ ਹੋਰਨਾਂ ਪਿੰਡਾਂ ਵਿਚ ਰਹਿੰਦੇ ਵਸਨੀਕ ਇਸ ਪ੍ਰਕਿਰਿਆ ਵਿਚ ਕਿਵੇ ਸ਼ਾਮਿਲ ਹੋਣਗੇ। ਕੀ ਇਹਨਾਂ ਰਚਨਾਵਾਂ ਨੂੰ ਉਹਨਾਂ ਦੀ ਮਨਜ਼ੂਰੀ ਲਈ ਭੇਜਿਆ ਜਾਂਦਾ ਹੋਵੇਗਾ। ਇਹ ਸੰਭਵ ਪ੍ਰਤੀਤ ਨਹੀ ਹੁੰਦਾ, ਇਸ ਲਈ ਇਹ ਮੰਨਣਾ ਹੀ ਵਧੇਰੇ ਉਚਿਤ ਪ੍ਰਾਪਤ ਹੁੰਦਾ ਹੈ ਕਿ ਲੋਕ ਸਾਹਿਤ ਦੀ ਸਿਰਜਣਾ ਦਾ ਮਾਧਿਅਮ ਵੀ ਕੋਈ ਵਿਅਕਤੀ ਵਿਸ਼ੇਸ਼ ਹੀ ਬਣਦਾ ਹੈ। ਅਜਿਹੇ ਵਿਅਕਤੀ ਵਿਚ ਇਹ ਸਮਰਥਾ ਹੁੰਦੀ ਹੈ ਕਿ ਉਸ ਵਿਚ ਲੋਕ ਚਿੱਤ ਆਪਣੇ ਪੂਰੇ ਜਲੋ ਵਿਚ ਵਿਦਮਾਨ ਹੁੰਦਾ ਹੈ। ਅਜਿਹਾ ਵਿਅਕਤੀ ਲੋਕ ਸਮੂਹ ਨਾਲ ਇਸ ਹੱਦ ਤਕ ਇਕਮਿਕ ਹੋਇਆ ਹੁੰਦਾ ਹੈ ਕਿ ਉਹ ਆਪਣੇ ਆਪ ਨੂੰ ਲੋਕ ਸਮੂਹ ਤੋ ਕੋਈ ਵੱਖਰੀ ਇਕਾਈ ਅਨੁਭਵ ਨਹੀ ਕਰਦਾ।

### 2.3.5 ਲੋਕ ਪ੍ਰਵਾਨਗੀ

ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਕਿਸੇ ਵਿਅਕਤੀ ਦੀ ਰਚਨਾ ਕਿਵੇਂ ਲੋਕ ਪ੍ਰਵਾਨਗੀ ਪ੍ਰਾਪਤ ਕਰਕੇ ਲੋਕ ਰਚਨਾ ਬਣ ਜਾਂਦੀ ਹੈ, ਸਾਡੇ ਇਸ ਪ੍ਰਸ਼ਨ ਦਾ ਉਤਰ ਰਚਨਾਵਾਂ ਦੇ ਸੰਚਾਰ ਦੇ ਮਾਧਿਅਮ ਅਤੇ ਪ੍ਰਕਿਰਿਆ ਵਿਚ ਮੌਜੂਦ ਹੈ। ਮੌਖਿਕ ਉਚਾਰ ਹੋਣ ਕਰਕੇ ਇਸ ਰਚਨਾ ਵਿਚ ਹਰ ਇਕ ਵਿਅਕਤੀ ਆਪਣਾ ਪੂਰਾ ਅਧਿਕਾਰ ਸਮਝਦਿਆਂ ਹੋਇਆ ਆਪਣੀ ਸਥਿਤੀ, ਲੋੜ ਅਤੇ ਪ੍ਰਤਿਭਾ ਅਨੁਸਾਰ ਕਾਂਟ ਛਾਂਟ ਕਰਦਾ ਰਹਿੰਦਾ ਹੈ। ਅਤੇ ਇਸ ਤਰ੍ਹਾਂ ਇਹ ਰਚਨਾ ਲਗਾਤਾਰ ਲੋਕਮਨ ਦੇ ਛਾਣਨੇ ਵਿਚੋ ਛਣਦੀ ਰਹਿੰਦੀ ਹੈ। ਇਸ ਪ੍ਰਕਿਰਿਆ ਦੌਰਾਨ ਉਹ ਤੱਤ ਝੜਦੇ ਰਹਿੰਦੇ ਹਨ ਜੋ ਲੋਕ ਸੋਚਣੀ ਦੇ ਅਨੁਸਾਰੀ ਨਹੀ ਹੁੰਦੇ ਅਤੇ ਲੋਕ ਪ੍ਰਵਾਨਗੀ ਵਾਲੇ ਤੱਤ ਜੁੜਦੇ ਰਹਿੰਦੇ ਹਨ ਅਤੇ ਅੰਤ ਵਿਚ ਇਹ ਰਚਨਾ ਨੂੰ ਲੋਕ ਪ੍ਰਵਾਨਗੀ ਪ੍ਰਾਪਤ ਹੋ ਜਾਂਦੀ ਹੈ।

ਇਕ ਹੋਰ ਗੱਲ ਮਹੱਤਵਪੂਰਨ ਹੈ ਕਿ ਲੋਕ ਸਾਹਿਤ ਦੀ ਸਿਰਜਣਾ ਵਿਚ 'ਲੋਕ' ਦੀ ਸ਼ਮੂਲੀਅਤ ਕੇਵਲ ਇਕ ਕਾਲ ਤੱਕ ਹੀ ਸੀਮਤ ਨਹੀਂ ਹੁਦੀ। ਲੋਕ ਰਚਨਾ ਤਾਂ ਕਾਲ ਦੇ ਪਾਸਾਰ ਵਿਚ ਯਾਤਰਾ ਕਰਦੀ ਹੈ ਅਤੇ ਨਿਤ ਨਵਾ ਰੂਪ ਗ੍ਰਹਿਣ ਕਰਦੀ ਰਹਿੰਦੀ ਹੈ। ਭਾਵੇਂ ਵੇਖਣ ਨੂੰ ਇਹ ਰਚਨਾ ਇਕ ਸਥਿਰ ਧਾਰਣ ਕਰ ਲੈਂਦੀ ਹੈ। ਪਰੰਤੂ ਹਰ ਕਾਲ ਸੰਚਾਰ ਦੌਰਾਨ ਇਸ ਵਿਚ ਪਰਿਵਰਤਨ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਇਸ ਤਰ੍ਹਾਂ ਲੋਕ ਸਾਹਿੱਤ ਵਿਚ ਸਮੁੱਚੇ ਲੋਕ ਸਮੂਹ ਦੀ ਸ਼ਮੂਲੀਅਤ ਅਤੇ ਪ੍ਰਵਾਨਗੀ ਸੁਚੇਤ, ਠੋਸ ਅਤੇ ਵਾਸਤਵਿਕ ਧਰਾਤਲ ਉਤੇ ਨਹੀਂ ਹੁੰਦੀ ਸਗੋ ਅਚੇਤ ਸੂਖਮ ਅਤੇ ਪ੍ਰਤੀਕਾਤਮਕ ਹੁੰਦੀ ਹੈ।

### 2.3.6 ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ ਦਾ ਵਿਸ਼ੈ ਵਸਤੂ

ਇਹ ਲੇਖ ਡਾ. ਸੁਰਜੀਤ ਸਿੰਘ ਦਾ ਲਿਖਿਆ ਹੋਇਆ ਹੈ ਇਸ ਦੇ ਵਿਸ਼ੇ ਦਾ ਸੰਬੰਧ ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ ਨਾਲ ਹੈ। ਲੇਖਕ ਨੇ ਲੋਕ ਸਾਹਿਤ ਨੂੰ ਵਿਸ਼ਿਸ਼ਟ ਸਾਹਿੱਤ ਤੋਂ ਵਖਰਿਆਂਦਿਆਂ ਹੋਇਆ ਦਸਿਆ ਹੈ ਕਿ ਵਿਸ਼ਿਸ਼ਟ ਸਾਹਿੱਤ ਕਿਸੇ ਵਿਅਕਤੀ ਵਿਸ਼ੇਸ਼ ਦੀ ਰਚਨਾ ਹੁੰਦੀ ਹੈ ਜਿਸ ਦੀ ਇਕ ਵਿਸ਼ਿਸ਼ਟ ਭਾਸ਼ਾ ਅਤੇ ਸ਼ੈਲੀ ਹੋਣ ਕਰਕੇ ਲੇਖਕ ਦੀ ਮੋਹਰ ਛਾਪ ਉਸ ਉੱਤੇ ਲੱਗੀ ਹੁੰਦੀ ਹੈ। ਜਦੋਂ ਕਿ ਲੋਕ ਸਾਹਿਤ ਨੂੰ ਆਮ ਤੌਰ ਤੇ ਸਾਮੂਹਿਕ ਸਿਰਜਣਾ ਕਿਹਾ ਜਾਂਦਾ ਹੈ। ਲੇਖਕ ਦਸਦਾ ਹੈ ਕਿ ਲੋਕ ਸਾਹਿਤ ਦੀ ਸਿਰਜਣਾ ਕੋਈ ਸਮੂਹ ਮਿਥ ਕੇ, ਬੈਠ ਕੇ, ਨਹੀਂ ਕਰਦਾ ਸਗੋਂ ਇਸ ਦੀ ਸਿਰਜਣਾ ਕਰਦਾ ਤਾਂ ਕੋਈ ਇਕਲਾ ਵਿਅਕਤੀ ਹੀ ਹੈ ਪਰੰਤੂ ਮੋਖਿਕ ਸੰਚਾਰ ਰਾਹੀ ਇਹ ਰਚਨਾ ਹੋਰਨਾ ਵਿਅਕਤੀਆਂ ਕੋਲ ਵੀ ਪਹੁੰਚਦੀ ਹੈ। ਜੋ ਸਮੇ, ਸਥਿਤੀ ਅਤੇ ਲੋੜਾਂ ਅਨੁਸਾਰ ਇਸ ਵਿਚ ਪਰਿਵਰਤਨ ਕਰਦੇ ਰਹਿੰਦੇ ਹਨ। ਇਸ ਪ੍ਰਕਿਰਿਆ ਦੌਰਾਨ ਇਸ ਰਚਨਾ ਵਿਚ ਇਉਂ ਸਾਰਾ ਕੁਝ ਮਨਫ਼ੀ ਹੋ ਜਾਂਦਾ ਹੈ ਜੋ ਲੋਕ-ਮਨ ਦੇ ਅਨੁਕੂਲ ਨਹੀਂ ਹੁੰਦਾ। ਮੋਖਿਕ ਸੰਚਾਰ ਹੋਣ ਕਰਕੇ ਲੋਕ ਸਾਹਿਤ ਦਾ ਕੋਈ ਅੰਤਮ ਰੂਪ ਨਹੀਂ ਹੁੰਦਾ ਸਗੋਂ ਲਗਾਤਾਰ ਪਰਿਵਰਤਨਸ਼ੀਲਤਾ ਇਸ ਦਾ ਸੁਭਾਅ ਹੈ। ਜਰੂਰੀ ਸਿਰਫ ਇਹ ਹੈ ਕਿ ਇਹ ਪਰਿਵਰਤਨ ਲੋਕ ਮਾਨਸ ਤੋਂ ਉਲਟ ਨਾ ਹੋਵੇ।

ਪਾਠ ਨੰ. 1.3

## *ਲੋਕ ਗੀਤ ਦਾ ਜਨਮ, ਲੋਕ ਕਹਾਣੀਆਂ ਦੀ ਖ਼ਾਨਾਬਦੋਸ਼ੀ ਅਤੇ ਬੁੱਝਣ ਵਾਲੀਆਂ ਬਾਤਾਂ ਦਾ ਅਧਿਐਨ*

### (ੳ) ਲੋਕ ਗੀਤ ਦਾ ਜਨਮ

### 3.1.1 ਭੂਮਿਕਾ

ਜੇਕਰ ਅਸੀ ਇਸ ਅਖਾਣ ਦਾ ਅਸਲੀ ਅਰਥ ਜਾਣਨਾ ਚਾਹੁੰਦੇ ਹਾਂ ਕਿ ਪੰਜਾਬ ਦੇ ਜੰਮੇ ਨੂੰ ਨਿੱਤ ਮੁਹਿੰਮਾ ਤਾਂ ਸਾਨੂੰ ਪੰਜਾਬੀਆਂ ਦੇ ਸੁਭਾ ਦਾ ਵਿਸ਼ਲੇਸ਼ਣ ਕਰਨਾ ਪਵੇਗਾ। ਇਸੇ ਤਰ੍ਹਾਂ ਹੀ ਜੇ ਅਸੀ ਇਸ ਗੀਤ ਦੀ ਰਚਨਾ ਬਾਰੇ ਜਾਣਨਾ ਚਾਹੁੰਦੇ ਹਾਂ ਤਾਂ ਸਾਨੂੰ ਉਸ ਦੇ ਪਿਛੋਕੜ ਬਾਰੇ ਜਾਣਨ ਦੀ ਲੋੜ ਹੈ। ਹਰ ਗੀਤ ਕਿਸੇ ਵਿਸ਼ੇਸ਼ ਸਥਿਤੀ ਵਿਚੋ ਹੀ ਉਪਜਦਾ ਹੈ।

### 3.1.2 ਆਰੀਆ ਲੋਕ ਅਤੇ ਪੰਜਾਬ

ਆਰੀਆਂ ਲੋਕ ਭਾਰਤ ਵਿਚ ਆਕੇ ਪਹਿਲੋ ਪਹਿਲ ਪੰਜਾਬ ਵਿਚ ਹੀ ਵਸੇ ਇਥੇ ਪਹਿਲਾ ਵੀ ਵੱਸੋ ਹੋਵੇਗੀ। ਇਸ ਦੀ ਪੁਸ਼ਟੀ ਪਿੱਛੇ ਜਿਹੇ ਰੋਪੜ ਸ਼ਹਿਰ ਦੇ ਨੇੜੇ ਮਿਲੇ ਇਕ ਥੇਹ ਤੋ ਹੁੰਦੀ ਹੈ। ਇਸ ਤੋਂ ਪੰਜਾਬ ਦੀ ਸਭਿਅਤਾ ਦੇ ਕਾਫ਼ੀ ਪੁਰਾਤਨ ਹੋਣ ਦਾ ਸਬੂਤ ਮਿਲਦਾ ਹੈ। ਆਰੀਆ ਦੇ ਆਣ ਤੋ ਪਹਿਲਾ ਵੀ ਪੰਜਾਬ ਦੀ ਪਿਆਰੀ ਫਸਲ ਕਣਕ ਹੀ ਹੁੰਦੀ ਹੋਵੇਗੀ। ਉਸ ਸਮੇ ਛੋਲੇ ਵੀ ਹੁੰਦੇ ਹੋਣਗੇ ਅਤੇ ਬਾਜਰਾਂ, ਜਵਾਰ ਅਤੇ ਮੱਕੀ ਵੀ ਉਗਦੀ ਹੋਵੇਗੀ। ਇਸੇ ਕਰਕੇ ਇਹਨਾਂ ਫ਼ਸਲਾਂ ਨਾਲ ਸੰਬੰਧਿਤ ਲੋਕਗੀਤ ਪੰਜਾਬੀ ਵਿਚ ਮੌਜੂਦ ਹਨ।

ਤਰਖਾਣਾ ਕੰਮ ਵੀ ਉਦੋ ਹੁੰਦਾ ਹੀ ਹੋਵੇਗਾ। ਕਪਾਹ ਵੀ ਉਗਾਈ ਜਾਂਦੀ ਹੋਵੇਗੀ ਅਤੇ ਛੱਪੜ ਵਿਚ ਨਹਾਣ ਦਾ ਰਿਵਾਜ ਵੀ ਪੁਰਾਣਾ ਹੀ ਹੋਵੇਗਾ। ਗੁੱਜਰ ਕਬੀਲੇ ਦੇ ਲੋਕ ਭਾਰਤ ਵਿਚ ਆ ਕੇ ਵੱਸੇ ਅਤੇ ਗੁਜਰਾਤ ਸ਼ਹਿਰ ਵਸਾਇਆ। ਇਹ ਮੁਸਲਮਾਨਾਂ ਦੇ ਆਣ ਪਿਛੋਂ ਮੁਸਲਮਾਨ ਹੋ ਗਏ।

### 3.1.3 ਗੀਤਾਂ ਦੀ ਪਿੱਠਭੂਮੀ

ਪੰਜਾਬੀਆਂ ਦਾ ਖੱਟੀ ਕਮਾਈ ਲਈ ਘਰੋਂ ਲੰਬੇ ਸਮੇਂ ਲਈ ਬਾਹਰ ਜਾਣਾ, ਬਾਰੀ ਬਰਸੀ ਵਾਲੇ ਗੀਤਾਂ ਦਾ ਪਿਛੋਕੜ ਬਣਦਾ ਹੈ। ਇਸੇ ਤਰ੍ਹਾਂ ਦੇਵੀ ਮਾਤਾ ਗੌਣ ਬਖਸ਼ਦੀ, ਯਕੀਨਨ ਮੁਸਲਮਾਨੀ ਰਾਜ ਤੋਂ ਪਿਛੋਂ ਹੋਦ ਵਿਚ ਆਇਆ ਹੋਵੇਗਾ ਕਿਉਂਕਿ 'ਬਖ਼ਸ਼ਦੀ' ਉਹਨਾਂ ਦੀ ਭਾਸ਼ਾ ਵਿਚੋਂ ਹੀ ਪੰਜਾਬੀ ਵਿਚ ਆਇਆ ਹੈ।

### 3.1.4 ਪੰਜਾਬੀ ਸੁਭਾਅ

ਪੰਜਾਬੀ ਸੁਭਾਅ ਅਨੁਕੂਲ ਹੀ ਪੰਜਾਬੀ ਲੋਕਗੀਤ ਬਣੇ ਹਨ, ਤਕੜੇ ਜੁਸੇ ਵਾਲੇ ਲੋਕ ਹੀ ਕਹਿ ਸਕਦੇ ਹਨ ਕਿ ਦੋ ਪੈਰ ਘਟ ਤੁਰਨਾ...। ਇਸੇ ਤਰ੍ਹਾਂ ਕੱਚਾ ਦੁੱਧ ਪੀਣ ਦੇ ਸ਼ੌਕੀਨ ਹੀ ਗਾ ਸਕਦੇ ਹਨ-ਕੱਚਾ ਦੁੱਧ ਪੀਣ ਵਾਲੀਏ..। ਜਾਂ ਸੁੰਦਰਤਾ ਦਾ ਪ੍ਰਭਾਵ ਕਬੂਲਣ ਵਾਲਾ ਸੁਭਾਅ ਹੀ ਕਲਪਨਾ ਕਰ ਸਕਦਾ ਹੈ – ਤੇਰੇ ਲੌਂਗ ਦਾ ਪਿਆ ਲਿਸ਼ਕਾਰਾ...

ਇਸੇ ਤਰ੍ਹਾਂ ਹੀ ਲਹੂ ਮਾਸ ਵਿਚ ਰਚਾਇਆ ਹੋਇਆ ਭਾਵ-ਚਿੱਤਰ ਹੀ ਲੋਕਗੀਤ ਦਾ ਰੂਪ ਧਾਰਦਾ ਹੈ। ਕਿਧਰੇ ਖੱਲ ਦੀ ਜੁੱਤੀ ਪਾਣ ਦਾ ਅਨੁਭਵ ਹੈ ਤੇ ਕਿਧਰੇ ਗਹਿਣਿਆਂ ਦੀ ਫਰਮਾਇਸ਼ ਪੂਰੀ ਨਾ ਕਰ ਸਕਣ ਦਾ ਦੁੱਖ ਕਿਧਰੇ ਗਰਮੀ ਦਾ ਪ੍ਰਕੋਪ ਗੀਤ ਦਾ ਆਧਾਰ ਬਣਦਾ ਹੈ ਅਤੇ ਕਿਸੇ ਸੱਸ ਦਾ ਸਖ਼ਤ ਸੁਭਾਅ। ਨੂੰਹ ਦੀ ਮਾਨਸਿਕ ਸਥਿਤੀ ਨੂੰ ਸਮਝਣ ਲਈ ਪੰਜਾਬ ਦੇ ਸਮਾਜਕ ਜੀਵਨ ਨੂੰ ਘੋਖਣ ਦੀ ਲੋੜ ਹੈ। ਸੱਕੇ ਭਰਾ ਤੇ ਚਾਚੇ ਦੇ ਪੁੱਤ ਵਿਚਲਾ ਫ਼ਰਕ ਵੀ ਉਜਾਗਰ ਹੁੰਦਾ ਹੈ। ਦੁਨੀਆਂ ਨੂੰ ਭਾੜੇ ਦੀ ਹੱਟ ਵੀ ਪੰਜਾਬੀ ਹੀ ਕਹਿ ਸਕਦੇ ਹਨ। ਦਿਓਰ ਭਾਬੀ ਦਾ ਰਿਸ਼ਤਾ ਵੀ ਗੀਤਾਂ ਦਾ ਆਧਾਰ ਬਣਦਾ ਹੈ। ਇਸੇ ਹੀ ਤਰ੍ਹਾਂ ਸਹੁਰੇ ਘਰ ਦੇ ਗੀਤ ਹੋਰ ਹਨ ਅਤੇ ਪੇਕੇ ਘਰ ਦੇ ਹੋਰ।

### 3.1.5 'ਲੋਕ-ਗੀਤ ਦਾ ਜਨਮ' ਦਾ ਵਿਸ਼ੈ ਵਸਤੂ

ਇਹ ਲੇਖ ਦੇਵਿੰਦਰ ਸਤਿਆਰਥੀ ਦਾ ਲਿਖਿਆ ਹੋਇਆ ਹੈ। ਇਸ ਲੇਖ ਰਾਹੀ ਲੇਖਕ ਸਾਨੂੰ ਇਹ ਦੱਸਣਾ

ਚਾਹੁੰਦਾ ਹੈ ਕਿ ਲੋਕ ਗੀਤਾਂ ਦੀ ਰਚਨਾ ਦੇ ਪਿੱਛੇ ਸੰਬੰਧਤ ਖੇਤਰ ਦੇ ਇਤਿਹਾਸਕ, ਸਮਾਜਕ ਬਣਤਰ, ਵਾਯੂਮੰਡਲ ਆਦਿ ਦਾ ਹੱਥ ਹੁੰਦਾ ਹੈ। ਜਿਹੋ ਜਿਹੀ ਕਿਸੇ ਇਲਾਕੇ ਦਾ ਜਲਵਾਯੂ ਹੋਵੇਗਾ, ਫਸਲਾਂ ਹੋਣਗੀਆਂ, ਆਪਸੀ ਰਿਸ਼ਤੇ ਹੋਣਗੇ, ਉਸੇ ਤਰ੍ਹਾਂ ਦੇ ਹੀ ਗੀਤ ਉਥੇ ਲਿਖੇ ਜਾਣਗੇ। ਉਦਾਹਰਣ ਵਜੋਂ ਜੇਕਰ ਕਿਸੇ ਇਲਾਕੇ ਵਿਚ ਕਪਾਹ ਨਹੀਂ ਉਗਾਈ ਜਾਂਦੀ ਹੈ ਤਾਂ ਉਸ ਖੇਤਰ ਦੇ ਲੋਕ ਗੀਤਾਂ ਵਿਚ ਕਪਾਹ ਦਾ ਜ਼ਿਕਰ ਆਮ ਤੌਰ ਤੇ ਨਹੀਂ ਹੋਵੇਗਾ। ਜੇਕਰ ਕਿਸੇ ਹੋਰ ਸਭਿਆਚਾਰ ਦਾ ਜੀਵਨ ਉੱਤੇ ਪ੍ਰਭਾਵ ਪਵੇ ਤਾਂ ਅਛੋਪਲੇ ਹੀ ਉਹ ਲੋਕ ਗੀਤਾਂ ਵਿਚ ਵੀ ਝਲਕਣ ਲੱਗ ਜਾਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਲੋਕ ਗੀਤਾਂ ਰਾਹੀਂ ਸੌ ਸੌ ਪੀੜ੍ਹੀਆਂ ਦੇ ਸੰਸਕਾਰ ਬੋਲਦੇ ਹਨ: ਭਾਵ ਇਹ ਹੋਇਆ ਕਿ ਹਰ ਗੀਤ ਦੇ ਪਿਛੋਕੜ ਵਿਚ ਸੰਬੰਧਿਤ ਇਲਾਕੇ ਦਾ ਸਭਿਆਚਾਰ ਅਤੇ ਰਹਿਣ ਸਹਿਣ ਪੂਰੀ ਤਰ੍ਹਾਂ ਕਾਰਜਸ਼ੀਲ ਹੁੰਦਾ ਹੈ।

## ਅ ਲੋਕ ਕਹਾਣੀਆਂ ਦੀ ਖ਼ਾਨਾਬਦੋਸ਼ੀ

**ਭੂਮਿਕਾ**

3.2.1 ਲੋਕ ਕਹਾਣੀਆਂ ਦੀ ਖ਼ਾਨਾਬਦੋਸ਼ੀ ਬਾਰੇ ਗੱਲ ਕਰਨ ਤੋਂ ਪਹਿਲਾਂ ਸਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਲੋਕ ਕਹਾਣੀ ਦੀ ਪਰਿਭਾਸ਼ਾ ਕੀ ਹੈ।ਪੰਜਾਬੀ ਪਰੰਪਰਾ ਵਿਚ ਕਹਾਣੀ ਦੇ ਸਮਾਨਾਰਥਕ ਸ਼ਬਦ ਹਨ: ਕਥਾ, ਵਾਰਤਾ, ਕਿੱਸਾ, ਸਾਕਾ, ਬਾਤ ਆਦਿ। ਲੋਕ ਕਹਾਣੀ ਸ਼ਬਦ ਅੰਗਰੇਜ਼ੀ ਸ਼ਬਦ (Folktale) ਦੇ ਸਮਾਨਾਰਥਕ ਵਜੋਂ ਪੜ੍ਹਿਆ ਗਿਆ ਹੈ। ਪਹਿਲਾਂ ਲੋਕ ਕਹਾਣੀ ਲਈ ਸ਼ਬਦ ਬਾਤ ਹੀ ਵਰਤਿਆ ਜਾਂਦਾ ਸੀ। ਜੋ ਕਿ ਦੋ ਤਰ੍ਹਾਂ ਦੀ ਹੁੰਦੀ ਸੀ। ਲੰਬੀ ਬਾਤ ਅਤੇ ਬੁੱਝਣ ਵਾਲੀ ਬਾਤਾ ਜਦੋਂ ਸਭਿਆਚਾਰ ਅਤੇ ਲੋਕਧਾਰਾ ਨੂੰ ਉਚੇਰੀ ਸਿੱਖਿਆ ਦੇ ਅਧਿਐਨ ਦਾ ਵਿਸ਼ੈ ਬਣਾਇਆ ਗਿਆ ਹੈ। ਉਦੋਂ ਤੋਂ ਅਸੀ ਨਵੇਂ ਨਵੇਂ ਸ਼ਬਦ ਅਪਨਾ ਲਏ ਹਨ।

ਕਹਾਣੀ ਤੋਂ ਇਲਾਵਾ 'ਲੋਕ' ਸ਼ਬਦ ਬਾਰੇ ਵੀ ਸਪਸ਼ਟ ਹੋਣ ਦੀ ਲੋੜ ਹੈ।'ਲੋਕ' ਜਨਤਾ ਰਾਹੀ ਅਸਲ ਵਿਚ 'ਲੋਕ' ਮਨੁੱਖਤਾ ਦਾ ਉਹ ਸਾਂਝਾ ਸਮੂਹ ਹੈ ਜਿਸ ਵਿਚ ਧਰਮ, ਕਿੱਤੇ, ਭਾਸ਼ਾ ਕਰਕੇ ਇਕ ਭੂਗੋਲਿਕ ਅਤੇ ਸਭਿਆਚਾਰਕ ਸਾਂਝ ਹੋਵੇ।

### 3.2.2 ਬਾਤਾਂ ਜਾਂ ਲੋਕ ਕਹਾਣੀਆਂ ਦਾ ਸਿਰਜਣ

ਇਹ ਸਾਹਿਤਕ ਕਹਾਣੀ ਵਾਂਗੂੰ ਕਿਸੇ ਇਕ ਮਨੁੱਖ ਦੀ ਕਿਰਤ ਨਹੀ ਹੁੰਦੀਆਂ ਅਤੇ ਨਾ ਹੀ ਇਸ ਉੱਤੇ ਕਿਸੇ ਲੇਖਕ ਦਾ ਨਾਂ ਹੁੰਦਾ ਹੈ। ਲੋਕ ਕਹਾਣੀ ਨੂੰ ਲੋਕ ਸਮੂਹ ਸਿਰਜਦਾ ਹੈ। ਆਰੰਭ ਕੋਈ ਇਕ ਬੰਦਾ ਕਰਦਾ ਹੈ ਅਤੇ ਫਿਰ ਸਹਿਜੇ ਸਹਿਜੇ ਹੋਰ ਲੋਕੀ ਇਸ ਵਿਚ ਵਾਧਾ ਘਾਟਾ ਕਰਕੇ ਇਸ ਨੂੰ ਪਕਿਆਂ ਕਰ ਦਿੰਦੇ ਹਨ, ਇਸ ਤਰ੍ਹਾਂ ਇਹ ਸਾਂਝੀ ਕਿਰਤ ਬਣ ਜਾਂਦੀ ਹੈ ਅਤੇ ਇਸ ਨੂੰ ਸੁਣਾਨ ਦਾ ਅਧਿਕਾਰ ਸਮੁੱਚੇ ਸਮਾਜ ਨੂੰ ਪ੍ਰਾਪਤ ਹੋ ਜਾਂਦਾ ਹੈ। ਹਰ ਵਿਅਕਤੀ ਇਸਨੂੰ ਆਪਣੇ ਅੰਦਾਜ਼ ਵਿਚ ਸੁਣਾ ਸਕਦਾ ਹੈ ਪਰੰਤੂ ਇਸ ਦਾ ਮੂਲ ਢਾਂਚਾ ਉਹੀ ਰਹਿੰਦਾ ਹੈ।

### 3.2.3 ਲੋਕ ਕਹਾਣੀਆਂ ਦਾ ਖ਼ਾਨਾ ਬਦੋਸ਼ੀ

ਲੋਕ ਕਹਾਣੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਹੀ ਸਫ਼ਰ ਨਹੀ ਕਰਦੀ ਬਲਕਿ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਅਤੇ ਇਕ ਸਭਿਆਚਾਰ ਤੋਂ ਦੂਜੇ ਸਭਿਆਚਾਰ ਤਕ ਵੀ ਸਫ਼ਰ ਕਰਦੀ ਹੈ। ਇਸ ਤਰ੍ਹਾਂ ਇਹ ਭੂਗੋਲਿਕ ਹੱਦਾ ਪਾਰ ਕਰਕੇ, ਆਪਣੇ ਮੂਲ ਢਾਂਚੇ ਨੂੰ ਬਰਕਰਾਰ ਰਖਦੀ ਹੋਈ ਇਕ ਵਖਰੇ ਸਭਿਆਚਾਰ ਦੇ ਰੰਗ ਵਿਚ ਰੰਗੀ ਜਾਂਦੀ ਹੈ। ਇਸੇ ਨੂੰ ਹੀ ਲੇਖਕ ਨੇ ਲੋਕ ਕਹਾਣੀ ਦੀ ਖ਼ਾਨਾਬਦੋਸ਼ੀ ਕਿਹਾ ਹੈ। ਖ਼ਾਨਾਬਦੋਸ਼ੀ ਉਹ ਲੋਕ ਹੁੰਦੇ ਹਨ ਜਿਹਨਾਂ ਦਾ ਕੋਈ ਪੱਕਾ ਟਿਕਾਣਾ ਨਹੀ ਹੁੰਦਾ ਬਲਕਿ ਮੌਸਮ ਅਤੇ ਆਪਣੀਆਂ ਲੋੜਾਂ ਅਨੁਸਾਰ ਆਪਣਾ ਸਥਾਨ ਬਦਲ ਲੈਂਦੇ ਹਨ। ਇਸੇ ਤਰ੍ਹਾਂ ਜਦੋਂ ਬਦਲੇ ਹੋਏ ਰੂਪ ਵਿਚ ਕਹਾਣੀਆਂ ਕਿਸੇ ਹੋਰ ਦੇਸ਼ ਵਿਚ ਪਹੁੰਚ ਜਾਂਦੀਆਂ ਹਨ ਤਾਂ ਇਹ ਲੋਕ ਕਹਾਣੀਆਂ ਦੀ ਖ਼ਾਨਾਬਦੋਸ਼ੀ ਹੈ।

### 3.2.4 ਲੋਕ ਕਹਾਣੀਆਂ ਦਾ ਵਿਸਤਾਰ

ਲੋਕ ਕਹਾਣੀ ਸੁਣਨ ਵਾਲਾ ਆਪਣੇ ਸਰੋਤਿਆਂ ਅਨੁਸਾਰ ਇਹਨਾਂ ਵਿਚ ਘਾਟਾ ਵਾਧਾ ਕਰਦਾ ਰਹਿੰਦਾ ਹੈ। ਕੁਝ ਗੱਲਾਂ ਨੂੰ ਸਪਸ਼ਟ ਕਰਨ ਲਈ ਹੋਰ ਮਸਾਲਾ ਕੋਲੋ ਪਾਂਦਾ ਹੈ। ਕਈ ਵਾਰੀ ਸਰੋਤੇ ਸਵਾਲ ਵੀ ਪੁੱਛਦੇ ਹਨ। ਇਹਨਾਂ ਦੇ ਸੁਣਨ ਵਾਲੇ ਵਲੋਂ ਦਿੱਤੇ ਗਏ ਜਵਾਬ ਅਤੇ ਸਵਾਲ ਦੀ ਕਹਾਣੀ ਦਾ ਹੀ ਹਿੱਸਾ ਬਣੀ ਜਾਂਦੇ ਹਨ। ਇਸ ਤਰ੍ਹਾਂ ਸਮਾਜਕ ਰੰਗ ਵਿਚ ਰੰਗੀ ਹੋਈ ਲੋਕ ਕਹਾਣੀ ਲਗਾਤਾਰ ਘਟਦੀ ਵਧਦੀ ਰਹਿੰਦੀ ਹੈ।

### 3.2.5. ਲੋਕ ਕਹਾਣੀਆਂ ਦੀ ਵਰਗਵੰਡ

ਲੋਕ ਕਹਾਣੀਆਂ ਵਿਚ ਪ੍ਰਮੁੱਖ ਰੂਪ ਵਿਚ ਪਰੀ ਕਹਾਣੀਆਂ, ਜਨੌਰ ਕਹਾਣੀਆਂ, ਨੀਤੀ ਕਥਾਵਾਂ ਆਦਿ ਹਨ, ਪੂਰੀ ਕਹਾਣੀਆਂ ਦਾ ਸੰਬੰਧ ਮੂਲ ਰੂਪ ਵਿਚ ਅਦਭੁਤ ਵਰਤਾਰਿਆ ਅਤੇ ਵਿਆਹ ਦੀ ਸਮੱਸਿਆ ਨਾਲ ਹੁੰਦਾ

ਹੈ। ਕੋਈ ਰਾਜ ਕੁਮਾਰ ਕਿਸੇ ਦੈਂਤ ਦੇ ਕਬਜੇ ਵਿਚੋਂ ਕਿਸੇ ਪਰੀ ਨੂੰ ਛੁਡਾਕੇ ਉਸ ਨਾਲ ਵਿਆਹ ਕਰਦਾ ਹੈ। ਜਨੌਰ ਕਥਾਵਾਂ ਜਾਨਵਰਾਂ ਦੇ ਸੁਭਾਅ ਅਤੇ ਆਦਤਾਂ ਰਾਹੀ ਪ੍ਰਤੀਕਾਤਮਕ ਰੂਪ ਵਿਚ ਮਨੁੱਖ ਬਾਰੇ ਗੱਲ ਕੀਤੀ ਗਈ ਹੁੰਦੀ ਹੈ। ਨੀਤੀ ਕਥਾਵਾਂ ਵਿਚ ਚੰਗਿਆਈ ਦੀ ਉਤਮਤਾ ਅਤੇ ਬੁਰਾਈ ਦੇ ਨਾਸ਼ ਦੀ ਗੱਲ ਹੁੰਦੀ ਹੈ।

**3.2.6 ਇਕੋ ਰੂੜ੍ਹੀ ਵਾਲੀਆਂ ਕਥਾਵਾਂ ਦੀ ਅਲੱਗ ਅਲੱਗ ਭਾਸ਼ਾਵਾਂ/ਸਭਿਆਚਾਰਾਂ ਵਿਚ ਮੌਜਦੂਗੀ**

ਪੰਜਾਬੀ ਦੀ 'ਦਿਲਬਰ ਚੋਰ' ਨਾਂ ਦੀ ਕਹਾਣੀ ਹਿੰਦੀ ਵਿਚ ਲਗਭਗ ਇਸੇ ਰੂਪ ਵਿਚ ਮਿਲਦੀ ਹੈ। 'ਬੀਬੀ ਰਜ਼ਨੀ' ਦੀ ਕਹਾਣੀ ਵੀ ਇਕ ਅਜਿਹੀ ਹੀ ਕਹਾਣੀ ਹੈ। ਸੈਕਸ਼ਪੀਅਰ ਦੇ ਨਾਟਕ 'ਕਿੰਗਲੀਅਰ' ਦਾ ਆਧਾਰ ਵੀ ਅਜਿਹੀ ਹੀ ਕਹਾਣੀ ਹੈ। ਇਸ ਤਰ੍ਹਾਂ ਦੇ ਹੋਰ ਉਦਾਹਰਣ ਵੀ ਦਿੱਤੇ ਜਾ ਸਕਦੇ ਹਨ।

**3.2.7. ਲੋਕ ਕਹਾਣੀਆਂ ਦਾ ਸਰੋਤ**

ਬਹੁਤ ਸਾਰੇ ਵਿਦਵਾਨਾਂ ਦਾ ਮਤ ਹੈ ਕਿ ਬਹੁਤ ਸਾਰੀਆਂ ਲੋਕ ਕਥਾਵਾਂ ਅਰਬੀ, ਫਾਰਸੀ, ਹਿਬਰੂ ਅਤੇ ਇਤਾਲਵੀ ਰਾਹੀਂ ਅੰਗਰੇਜ਼ੀ ਵਿਚ ਪਹੁੰਚੀਆਂ ਅਤੇ ਫਿਰ ਸਾਰੇ ਸੰਸਾਰ ਵਿਚ ਫੈਲ ਗਈਆਂ ਇਹੋ ਕਾਰਣ ਹੈ ਕਿ ਸਾਡੀ ਹਰ ਕਹਾਣੀ ਦਾ ਤਾਣਾ ਬਾਣਾ ਸਾਰੇ ਸੰਸਾਰ ਦੀਆਂ ਭਾਸ਼ਾਵਾਂ ਦੀਆਂ ਕਹਾਣੀਆਂ ਨਾਲ ਜਾ ਮਿਲਦਾ ਹੈ। ਇਹ ਸਾਰਾ ਕੁਝ ਲੋਕ ਕਹਾਣੀਆਂ ਦੀ ਖ਼ਾਨਾਬਦੋਸ਼ੀ ਕਰਕੇ ਹੈ, ਪੰਜਾਬ ਦੀਆਂ ਭੂਗੋਲਿਕ ਅਤੇ ਸਭਿਆਚਾਰਕ ਲੋੜਾਂ ਕਰਕੇ ਹੈ। ਇਹਨਾਂ ਵਿਚ ਕੁਝ ਸਥਾਨਕ ਪਰਿਵਰਤਨ ਵੀ ਹੋਏ ਹਨ।

**3.2.8. 'ਲੋਕ ਕਹਾਣੀਆਂ ਦੀ ਖ਼ਾਨਾਬਦੋਸ਼ੀ' ਦਾ ਵਿਸ਼ੈ ਵਸਤੂ**

ਇਹ ਲੇਖ ਡਾ. ਜੋਗਿੰਦਰ ਸਿੰਘ ਕੈਰੋਂ ਦਾ ਲਿਖਿਆ ਹੋਇਆ ਹੈ। ਇਸ ਲੇਖ ਦਾ ਸੰਬੰਧ ਇਸ ਤੱਥ ਨਾਲ ਹੈ ''ਕਿ ਸਾਰੇ ਵਿਸ਼ਵ ਦੀਆਂ ਲੋਕ ਕਹਾਣੀਆਂ ਆਪਸ ਵਿਚ ਇਕ ਸਾਂਝੀ ਤੰਦ ਨਾਲ ਜੁੜੀਆਂ ਹੋਈਆਂ ਹਨ। ਲੇਖਕ ਨੇ ਲੋਕ ਕਹਾਣੀਆਂ ਦੀ ਪਰਿਭਾਸ਼ਾ ਕਿਸਮਾਂ ਅਤੇ ਰਚਨਾ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆ ਹੋਇਆ ਕੁਝ ਕਹਾਣੀਆਂ ਜਿਵੇਂ ਕਿ ਦਿਲਬਰ ਕੌਰ, ਬੀਬੀ ਰਜਨੀ ਆਦਿ ਦਾ ਉਦਾਹਰਣ ਦਿੰਦਿਆ ਹੋਇਆ ਦ੍ਰਿੜ ਕਰਵਾਇਆ ਹੈ ਕਿ ਲੋਕ ਕਹਾਣੀਆਂ ਇਕ ਭਾਸ਼ਾ ਤੋ ਦੂਜੀ ਭਾਸ਼ਾ ਅਤੇ ਇਕ ਸਭਿਆਚਾਰ ਤੋਂ ਦੂਜੇ ਸਭਿਆਚਾਰ ਵਿਚ ਯਾਤਰਾਂ ਕਰਦੀਆਂ ਰਹਿੰਦੀਆਂ ਹਨ। ਇਹਨਾਂ ਵਿਚ ਪਰਿਵਰਤਨ ਕੇਵਲ ਸਮਾਜਿਕ ਲੋੜਾਂ ਅਨੁਸਾਰ ਹੋਇਆ ਨਜ਼ਰ ਆਉਂਦਾ ਹੈ।ਸੋ ਲੋਕ ਕਹਾਣੀਆਂ ਰਾਹੀ ਲੇਖਕ ਸਾਨੂੰ ਇਕ ਦੱਸਣਾ ਚਾਹੁੰਦਾ ਹੈ। ਕਿ ਲੋਕ ਕਹਾਣੀਆਂ ਥੋੜੇ ਬਹੁਤ ਫ਼ਰਕ ਨਾਲ ਇਕੋ ਜਿਹੀਆਂ ਹੀ ਉਪਲਬਧ ਹਨ।

## (ੲ) ਬੁੱਝਣ ਵਾਲੀਆਂ ਬਾਤਾਂ

**3.3.1 ਭੂਮਿਕਾ:**

ਬੁੱਝਣ ਵਾਲੀਆਂ ਬਾਤਾਂ, ਜਿਹਨਾਂ ਨੂੰ ਬੁਝਾਰਤਾਂ ਵੀ ਕਿਹਾ ਜਾਂਦਾ ਹੈ। ਆਦਿ ਕਾਲ ਤੋਂ ਹੀ ਮਨੁੱਖੀ ਜੀਵਨ ਦਾ ਅਨਿਖੜਵਾ ਅੰਗ ਰਹੀਆਂ ਹਨ। ਲੋਕ ਬੁਧੀ ਦਾ ਚਮਤਕਾਰ ਵਿਖਾਣ ਵਿਚ ਇਸਦਾ ਵਿਸ਼ੇਸ਼ ਸਥਾਨ ਹੈ। ਇਹ ਲੋਕ ਸਾਹਿਤ ਦੇ ਮੁੱਢਲੇ ਰੂਪਾਂ ਵਿਚੋਂ ਹੈ।

**3.3.2 ਬੁੱਝਾਰਤਾਂ ਦਾ ਉਤਪਾਦਨ**

ਬੁੱਝਾਰਤਾਂ ਦੇ ਉਤਪਾਦਨ ਅਤੇ ਵਿਕਾਸ ਦੀ ਪਰੰਪਰਾ ਅਤਿਅੰਤ ਪੁਰਾਣੀ ਹੈ। ਭਾਵੇਂ ਇਹ ਦਸਣਾ ਔਖਾ ਹੈ ਕਿ ਇਹਨਾਂ ਦਾ ਆਰੰਭ ਕਿਸਨੇ ਕਦੋਂ ਅਤੇ ਕਿਥੇ ਕੀਤਾ ਹੋਵੇਗਾ। ਪਰੰਤੂ ਜਦੋਂ ਤੋਂ ਮਨੁੱਖ ਨੇ ਹੋਸ਼ ਸੰਭਾਲੀ ਹੋਵੇਗੀ ਤਾਂ ਕੌਤਕ ਪ੍ਰਿਯਤਾ ਦੀ ਆਪਣੀ ਮੁੱਢਲੀ ਬਿਰਤੀ ਕਰਕੇ ਉਹ ਬੁਝਾਰਤ ਸਿਰਜਣਾ ਨਾਲ ਜੁੜ ਗਿਆ ਹੋਵੇਗਾ। ਇਹਨਾਂ ਦੇ ਸਿਰਜਕਾ ਬਾਰੇ ਵੀ ਕੁਝ ਨਹੀ ਕਿਹਾ ਜਾ ਸਕਦਾ ਪਰੰਤੂ ਇਹ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਰਹੀਆਂ ਹੋਣਗੀਆਂ।

ਬੁੱਝਾਰਤਾਂ ਸੰਸਾਰ ਦੀਆਂ ਸਭ ਬੋਲੀਆਂ ਵਿਚ ਉਪਲਬਧ ਹਨ। ਇਸ ਕਰਕੇ ਵਿਭਿੰਨ ਭਾਸ਼ਾਵਾਂ ਵਿਚ ਇਸ ਦੇ ਸਮਾਨ ਅਰਥਕ ਸ਼ਬਦ ਮਿਲ ਜਾਂਦੇ ਹਨ। ਇਸੇ ਲਈ ਬੁੱਝਾਰਤਾਂ ਬਾਰੇ ਸੰਸਾਰ ਦੀਆਂ ਕੌਮਾਂ ਦਾ ਵੱਡਮੁੱਲਾ ਸਰਮਾਇਆਂ ਹਨ.. ਅਸਚੱਰਜਤਾ, ਅਦਭੁੱਤਤਾ ਅਤੇ ਹਾਸਰਸ ਇਹਨਾਂ ਦੇ ਮੁੱਖ ਲੱਛਣ ਹਨ।

**3.3.3 ਬੁੱਝਾਰਤ ਪਾਣ ਦੀ ਪਰੰਪਰਾ**

ਭਾਰਤ ਵਿਚ ਬੁੱਝਾਰਤ ਪਾਣ ਅਤੇ ਬੁੱਝਣ ਦੀ ਪਰੰਪਰਾ ਅਤਿਅੰਤ ਪੁਰਾਣੀ ਹੈ। ਇਥੋਂ ਤੱਕ ਕਿ ਵੈਦਿਕ ਕਾਲ ਤੋ ਬੁੱਝਾਰਤਾਂ ਦੀ ਲਿਖਤੀ ਪਰੰਪਰਾ ਵੀ ਮੌਜੂਦ ਰਹੀ ਹੈ। ਪੰਜਾਬੀ ਦੀ ਲਿਖਤੀ ਸਾਹਿਤ ਵਿਚ ਇਸ ਦਾ ਵਰਣਨ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਬਾਈਬਲ ਵਿਚ ਬੁੱਝਾਰਤਾਂ ਪਾਣ ਦਾ ਵਰਣਨ ਹੈ। ਭਾਰਤ ਦੇ ਕਈ ਕਬੀਲਿਆਂ ਵਿਚ ਲਾੜੇ ਪਾਸੋਂ ਬੁੱਝਾਰਤ ਪੁਛਣੀ ਇਕ ਲਾਜ਼ਮੀ ਰਸਮ ਹੈ।

ਪੁਰਾਤਨ ਕਾਲ ਤੋਂ ਹੀ ਬੁੱਝਾਰਤਾਂ ਕਿਸੇ ਗੰਭੀਰ ਉਦੇਸ਼ ਦੀ ਪੂਰਤੀ ਕਰਦੀਆਂ ਰਹੀਆਂ ਹਨ। ਬੁਝਾਰਤਾਂ ਬੁੱਝਣ ਦਾ ਮਕਸਦ ਬੁੱਝਣ ਵਾਲੇ ਦੀ ਬੁਧੀ ਦੀ ਪਰੀਖਿਆ ਲੈਣਾ ਹੈ। ਪੰਜਾਬੀ ਦੀਆਂ ਕਈ ਲੋਕ ਕਹਾਣੀਆਂ ਵਿਚ ਸ਼ਹਿਜ਼ਾਦੀਆਂ ਰਾਜਕੁਮਾਰਾਂ ਪਾਸੋਂ ਉਹਨਾਂ ਦੀ ਬੁੱਧੀ ਪਰੀਖਿਆ ਲੈਂਦੀਆਂ ਹਨ।

**3.3.4 ਪੰਜਾਬੀ ਬੁੱਝਾਰਤਾਂ**

ਬੁੱਝਾਰਤਾਂ ਪੰਜਾਬੀ ਲੋਕ ਸਾਹਿਤ ਦਾ ਇਕ ਮਹੱਤਵਪੂਰਨ ਭਾਗ ਹਨ। ਬੁੱਝਾਰਤਾਂ ਨੂੰ ਬੁੱਝਣ ਵਾਲੀਆਂ ਬਾਤਾਂ ਵੀ ਕਿਹਾ ਜਾਂਦਾ ਹੈ। ਕੇਵਲ ਬੱਚਿਆਂ ਦਾ ਇਸ ਨਾਲ ਦਿਲ ਪਰਚਾਵਾ ਨਹੀਂ ਹੁੰਦਾ ਬਲਕਿ ਵਡਿਆ ਦਾ ਵੀ ਹੁੰਦਾ ਹੈ। ਬੁੱਝਾਰਤਾਂ ਦਾ ਵਿਸ਼ੈ ਖੇਤਰ ਬਹੁਤ ਵਿਸ਼ਾਲ ਹੈ। ਮਨੁੱਖੀ ਦੇ ਸਰੀਰ ਦੇ ਅੰਗ, ਪ੍ਰਕਿਰਤੀ, ਫ਼ਸਲਾ, ਬਨਸਪਤੀ ਜੀਵ ਜੰਤੂ, ਘਰੇਲੂ ਵਸਤੂਆਂ, ਭਿੰਨ-ਭਿੰਨ ਧੰਦਿਆਂ ਨਾਲ ਸੰਬੰਧਿਤ ਸੰਦ ਅਤੇ ਵਿਗਿਆਨਕ ਕਾਢਾਂ ਆਦਿ ਸਾਰਾ ਕੁਝ ਹੀ ਬੁੱਝਾਰਤਾਂ ਵਿਚ ਆ ਜਾਂਦਾ ਹੈ। ਪੰਜਾਬੀ ਦੀਆਂ ਕੁਝ ਬੁੱਝਾਰਤਾਂ ਦੇ ਨਮੂਨੇ ਵੇਖੋ।

(ੳ) ਬਾਬਾ ਆਇਆ ਸਾਡੇ ਘਰ
ਟੰਗ ਫਸਾਲੀ ਬੋਛੇ ਘਰ (ਉੱਤਰ: ਅੱਗ ਤੇ ਧੂੰਆਂ)

(ਅ) ਲੰਮ ਸਲੰਮਾ ਗਭਰੂ
ਦਾਹੜੀ ਗਿੱਟਿਆਂ ਤੇ (ਗੰਨਾ)

(ੲ) ਲਾਲ ਸੂਹੀ ਪੋਟਲੀ ਮੈ ਵੇਖ ਵੇਖ ਖੁਸ਼ ਹੋਈ
ਹੱਥ ਲੱਗਾ ਤੇ ਪਿੱਟਣ ਲੱਗੀ, ਨੀ ਅੰਮਾਂ ਮੈਂ ਮੋਈ (ਲਾਲ ਮਿਰਚ)

ਪੰਜਾਬੀ ਬੁੱਝਾਰਤਾਂ ਸਾਹਿੱਤ, ਇਤਿਹਾਸ, ਸਮਾਜ ਵਿਗਿਆਨ, ਮਾਨਵ ਵਿਗਿਆਨ ਅਤੇ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਰਖਦੀਆਂ ਹਨ। ਇਹਨਾਂ ਵਿਚ ਸਦੀਆਂ ਪੁਰਾਣੇ ਪੰਜਾਬ ਦੇ ਇਤਿਹਾਸਕ ਅਤੇ ਸਭਿਆਚਾਰਕ ਤੱਤ ਸਮੋਏ ਹੋਏ ਹਨ।

**3.3.5 ਵਰਤਮਾਨ ਸਥਿਤੀ**

ਮਨੋਰੰਜਨ ਦੇ ਸਾਧਨਾਂ ਵਿਚ ਤਬਦੀਲੀ ਅਤੇ ਬਿਜਲਈ ਉਪਕਰਣਾਂ ਜਿਵੇ ਕਿ ਰੇਡੀਓ, ਟੈਲੀਵੀਜ਼ਨ , ਮੋਬਾਇਲ ਅਤੇ ਕੇਬਲ ਕਲਚਰ ਨੇ ਸਮੂਹਕ ਤੌਰ ਤੇ ਮਾਣੇ ਜਾਂਦੇ ਬੁੱਝਾਰਤ ਵਰਗੇ ਪਰੰਪਰਾਗਤ ਸਾਧਨ ਨੂੰ ਲੱਗਭਗ ਖ਼ਤਮ ਕਰ ਦਿੱਤਾ ਹੈ।

**3.3.6 ਬੁੱਝਣ ਵਾਲੀਆਂ ਬਾਤਾਂ ਦਾ ਵਿਸ਼ੈ ਵਸਤੂ**

ਇਹ ਲੇਖ ਸੁਖਦੇਵ ਮਾਦਪੁਰੀ ਦਾ ਲਿਖਿਆ ਹੋਇਆ ਹੈ। ਇਸ ਲੇਖ ਵਿਚ ਲੇਖਕ ਨੇ ਬਾਤ ਜਾਂ ਬੁੱਝਾਰਤ ਦੀ ਪਰਿਭਾਸ਼ਾ ਮਹੱਤਵ, ਵਿਸ਼ੈ ਖੇਤਰ ਬਾਰੇ ਵਰਣਨ ਕਰਨ ਤੋਂ ਇਲਾਵਾ ਪੰਜਾਬੀ ਦੀਆਂ ਕੁਝ ਬੁੱਝਾਰਤਾਂ ਦੇ ਨਮੂਨੇ ਵੀ ਦਿੱਤੇ ਹਨ। ਅਸਲ ਵਿਚ ਬੁੱਝਾਰਤ ਕਿਸੇ ਦੇ ਬੌਧਿਕ ਪੱਧਰ ਅਤੇ ਸੋਚ ਸ਼ਕਤੀ ਨੂੰ ਪਰਖਣ ਦਾ ਇਕ ਮਨੋਰੰਜਕ ਲੋਕ ਸਾਧਨ ਹੈ। ਇਹ ਇਕ ਪ੍ਰਕਾਰ ਦੀ ਅਜਿਹੀ ਖੇਡ ਹੈ ਜਿਸ ਵਿਚ ਹਰ ਉਮਰ ਦਾ ਵਿਅਕਤੀ ਹਿੱਸਾ ਲੈ ਸਕਦਾ ਹੈ। ਬੁੱਝਾਰਤ ਦੀ ਬਣਤਰ ਅਜਿਹੀ ਹੁੰਦੀ ਹੈ ਕਿ ਕਈ ਵਾਰੀ ਇਸ ਵਿਚੋਂ ਹਾਸਾ ਵੀ ਉਤਪੰਨ ਹੁੰਦਾ ਹੈ। ਬੁੱਝਾਰਤ ਦਾ ਵਿਸ਼ੇ ਮਨੁੱਖ ਦਾ ਸਮੁੱਚਾ ਜੀਵਨ ਆਲਾ ਦੁਆਲਾ ਇਤਿਹਾਸ ਆਦਿ ਸਾਰਾ ਕੁਝ ਹੀ ਸਮੋਇਆ ਹੁੰਦਾ ਹੈ। ਲੇਖਕ ਨੇ ਇਹ ਵੀ ਦੱਸਿਆ ਹੈ ਕਿ ਬੁੱਝਾਰਤ ਦੀ ਇਕ ਬਹੁਤ ਭਰਪੂਰ ਪਰੰਪਰਾ ਸਦੀਆਂ ਤੋਂ ਚਲੀ ਆ ਰਹੀ ਹੈ।

ਪਾਠ ਨੰ. 1.4

## *ਲੋਕ ਨਾਚਾਂ ਦਾ ਜਨਮ ਅਤੇ ਵਿਕਾਸ, ਪੰਜਾਬ ਦੀਆਂ ਲੋਕ ਕਲਾਵਾਂ ਅਤੇ ਪੰਜਾਬੀ ਦੀਆਂ ਲੋਕ ਖੇਡਾਂ ਦਾ ਅਧਿਐਨ*

### (ੳ) ਲੋਕ ਨਾਚਾਂ ਦਾ ਜਨਮ ਅਤੇ ਵਿਕਾਸ

### 4.1.1 ਭੂਮਿਕਾ

ਮਾਨਵ-ਸ਼ਾਸਤਰੀਆਂ ਅਤੇ ਲੋਕਧਾਰਾ-ਵਿਗਿਆਨੀਆਂ ਨੇ ਯੁੱਗ ਚੇਤਨਾ ਦੇ ਆਧਾਰ ਉੱਤੇ ਮਨੁੱਖੀ ਸਮਾਜਾ ਦੇ ਇਤਿਹਾਸ ਦੇ ਤਿੰਨ ਅਹਿਮ ਪੜਾ ਮਿਥੇ ਹਨ:

(1) ਜਾਦੂ ਚਿੰਤਨ ਤੇ ਅਧਾਰਤ ਜਾਦੂ-ਯੁੱਗ

(2) ਧਰਮ-ਚਿੰਤਨ ਤੇ ਆਧਾਰਤ ਧਰਮ ਯੁੱਗ

(3) ਵਿਗਿਆਨ-ਚਿੰਤਨ ਤੇ ਅਧਾਰਤ ਵਿਗਿਆਨ ਦਾ ਯੁੱਗ

ਜਾਦੂ ਚਿੰਤਨ ਦਾ ਆਰੰਭ ਉਦੋਂ ਹੋਇਆ ਸਵੀਕਾਰ ਕੀਤਾ ਜਾਂਦਾ ਹੈ ਜਦੋਂ ਮਨੁੱਖ ਪ੍ਰਕਿਰਤੀ ਨਾਲੋਂ ਆਪਣੀ ਵਖਰੀ ਹੋਂਦ ਸਥਾਪਤ ਕਰਨ ਲੱਗ ਪਿਆ ਸੀ। ਜਾਦੂ ਚਿੰਤਨ ਕੁਲ ਪ੍ਰਾਕਿਰਤਕ ਵਸਤਾਂ ਤੇ ਵਰਤਾਰਿਆ ਨੂੰ ਮਾਨਵੀਕ੍ਰਿਤ ਰੂਪ ਵਿਚ ਇਕ ਜੀਵੰਤ ਸੱਤਾ ਸਵੀਕਾਰ ਕੇ ਚਲਦਾ ਹੈ। ਜਦੋਂ ਮਨੁੱਖ ਪ੍ਰਕਿਰਤੀ ਤੋਂ ਬਾਹਰੀ ਇਕ ਐਸੀ ਸੱਤਾ (ਰੱਬ) ਦੀ ਸੰਕਲਪਨਾ ਕਰ ਲੈਂਦਾ ਹੈ ਜੋ ਪ੍ਰਕਿਰਤੀ ਅਤੇ ਸਮਾਜ ਦੋਹਾਂ ਦੀ ਸੰਚਾਲਕ ਹੈ ਤਾਂ ਧਰਮ ਯੁੱਗ ਦਾ ਆਰੰਭ ਹੁੰਦਾ ਹੈ। ਜਦੋਂ ਮਨੁੱਖ ਪ੍ਰਕਿਰਤੀ ਅਤੇ ਮਾਨਵੀ ਜਗਤ ਵਿਚਲੀ ਕਿਸੇ ਵੀ ਪਾਰਲੌਕਿਕ ਸੱਤਾ ਨੂੰ ਰੱਦ ਕਰਕੇ ਪ੍ਰਕਿਰਤੀ, ਸਮਾਜ ਅਤੇ ਪਦਾਰਥ ਦੇ ਆਪਣੇ ਅੰਦਰਲੇ ਨੇਮਾਂ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਵਿਗਿਆਨ ਦੇ ਯੁੱਗ ਦਾ ਆਰੰਭ ਹੁੰਦਾ ਹੈ।

ਇਹ ਇਤਿਹਾਸਕ ਪ੍ਰਕਿਰਿਆ ਵਿਚ ਹੀ ਆਦਿਮ-ਕਲਾਵਾਂ ਲੋਕ ਕਲਾਵਾਂ ਦੇ ਰੂਪ ਵਿਚ ਪਰਿਵਰਤਿਤ ਹੁੰਦੀਆਂ ਹਨ। ਇਸ ਲਈ ਸਪਸ਼ਟ ਹੈ ਕਿ ਲੋਕ ਨਾਚ ਵੀ ਆਦਿਮ ਕਾਵ ਤੋਂ ਵਿਕਸਿਤ ਹੋਏ ਹੋਣਗੇ। ਆਦਿਮ ਨਾਚ ਕਬੀਲੇ ਵੱਲੋਂ ਕਿਸੇ ਸ਼ੈਲੀ ਸੱਤਾ ਦੇ ਰੀਝਾਣ ਲਈ ਨੱਚਿਆ ਜਾਂਦਾ ਸੀ। ਇਹ ਪੂਜਾ ਦੀ ਇਕ ਵਿਧੀ ਜ਼ਰੂਰ ਸੀ ਪਰੰਤੂ ਇਸਨੂੰ ਨਿਰੀ ਪੁਰੀ ਪੂਜਾ ਤਕ ਹੀ ਸੀਮਿਤ ਕਰ ਦੇਣ ਠੀਕ ਨਹੀ। ਆਦਿਮ ਨਾਚ ਕਿਰਤ, ਖੇਡ ਅਤੇ ਪੂਜਾ ਦਾ ਸੁਮੇਲ ਹੈ। ਵਿਕਾਸ ਦੇ ਅਗਲੇਰੇ ਪੜਾਵਾਂ ਵਿਚ ਨਾਚ ਵਿਚ ਪੂਜਾ ਨਾਲੋਂ ਮਨੋਰੰਜਨ ਦਾ ਤੱਤ ਵੱਧਦਾ ਗਿਆ।

### 4.1.2 ਨਾਚ ਦਾ ਜਨਮ

ਸਾਂਝੇ ਕੰਮ ਵਿਚ ਲੱਗੇ ਮਨੁੱਖਾਂ ਦੀਆਂ ਇਕਸਾਰ ਕਿਰਿਆਵਾਂ ਵਿਚੋਂ ਤਾਲ ਅਤੇ ਲੈਅ ਦਾ ਜਨਮ ਹੋਇਆ ''ਸਰੀਰਕ ਹਰਕਤਾਂ ਵਿਚ ਸੰਭਾਲੀਆਂ ਗਈਆਂ ਅਤੇ ਬੋਲ ਕਵਿਤਾ ਬਣ ਗਏ। ਤਾਲ਼ ਲੋਕ-ਨਾਚ ਦਾ ਬੁਨਿਆਦੀ ਅਤੇ ਉਘੜਵਾ ਲੱਛਣ ਹੈ। ਲੋਕ ਨਾਚ ਜਾਦੂ-ਯੁੱਗ ਵਿਚ ਲੋਕਧਾਰਾ ਦੇ ਰੂਪ ਵਿਚ ਕਬੀਲੇ ਦੀਆਂ ਆਰਥਿਕ, ਸਮਾਜਿਕ ਅਤੇ ਮਾਨਸਿਕ ਲੋੜਾਂ ਦੇ ਸਿੱਟੇ ਵਜੋਂ ਪੈਦਾ ਹੋਇਆ। ਇਹ ਆਪਣੇ ਸੁਭਾ ਪੱਖੋ ਸਮੂਹ ਭਾਵੀ ਅਤੇ ਪ੍ਰਕਾਰਜਤਮਕ ਹੈ।

### 4.1.3 ਭਾਰਤ ਵਿਚ ਨਾਚ ਪਰੰਪਰਾ

ਭਾਰਤ ਵਿਚ ਨਾਚ ਕਲਾ ਦੀ ਪਰੰਪਰਾ ਬਹੁਤ ਪ੍ਰਾਚੀਨ ਹੈ। ਆਰੀਆ ਲੋਕਾਂ ਦੇ ਆਣ ਤੋਂ ਪਹਿਲਾਂ ਵੀ ਪੰਜਾਬ ਵਿਚ ਇਕ ਬਲਵਾਨ ਨਾਚ ਪਰੰਪਰਾ ਸੀ। ਮੋਹੰਜਦੋੜੇ ਵਿਚ ਨਾਚ ਦੀ ਮੁਦਰਾ ਵਾਲਾ ਲੜਕੀ ਦਾ ਬੁਤ ਮਿਲਿਆ ਹੈ। ਸ਼ਿਵ ਦੇਵਤਾ ਨੂੰ 'ਨਟਰਾਜ' ਕਿਹਾ ਜਾਂਦਾ ਹੈ। ਅਜੰਤਾ ਅਲੋਰਾ ਦੀਆਂ ਮੂਰਤੀਆਂ ਵੀ ਨਾਚ ਦੀ ਮੁਦਰਾ ਵਿਚ ਹਨ। ਰਿਗਵੇਦ ਵਿਚ ਕਈ ਥਾਈਂ ਕਬੀਲਿਆਂ ਦੇ ਇਕਠੇ ਹੋਕੇ ਨੱਚਣ ਦਾ ਵਰਣਨ ਹੈ। ਮਹਾਂਭਾਰਤ ਅਤੇ ਰਾਮਾਇਣ ਵਿਚ ਵੀ ਸੰਗੀਤ ਅਤੇ ਨਾਚ ਨੂੰ ਅਹਿਮ ਸਥਾਨ ਦਿੱਤਾ ਗਿਆ ਹੈ। ਉਸ ਸਮੇਂ ਦੀਆਂ ਰਚਨਾਵਾਂ

ਅਤੇ ਅਪਸਰਾਵਾਂ ਇਕ ਪ੍ਰਕਾਰ ਦੀਆਂ ਕਿੱਤਾਕਾਰ ਨਾਚੀਆਂ ਸਨ। ਭਰਤਮੁਨੀ ਦੀ ਪ੍ਰਸਿੱਧ ਪੁਸਤਕ 'ਨਾਟਯ ਸ਼ਾਸਤਰ' ਤੋਂ ਵੀ ਇਹ ਪਤਾ ਲਗਦਾ ਹੈ ਕਿ ਲੋਕ ਪਰੰਪਰਾ ਵਿਚ ਲੋਕਨਾਚ ਦਾ ਅਹਿਮ ਸਥਾਨ ਸਥਾਪਤ ਹੋ ਚੁੱਕਾ ਸੀ। ਮੰਦਰਾਂ ਵਿਚ ਨੱਚਣ ਵਾਲੀਆਂ ਦੇਵਦਾਸੀਆਂ ਦੀ ਪ੍ਰਥਾ ਵੀ ਕਾਇਮ ਹੋ ਚੁੱਕੀ ਸੀ।

**4.1.4 ਕਲਾਸੀਕਲ ਨਾਚ ਅਤੇ ਲੋਕ ਨਾਚ**

ਨਾਚ ਦਾ ਜਿਹੜਾ ਰੂਪ ਧਾਰਮਿਕ ਰਹੁਰੀਤਾਂ ਦੇ ਨੇੜੇ ਰਿਹਾ ਅਤੇ ਇਸ ਨੂੰ ਧਰਮ ਅਤੇ ਰਾਜ ਦਰਬਾਰ ਦੀ ਸਰਪਰੱਸਤੀ ਮਿਲੀ ਉਹ ਸਹਿਜੇ ਸਹਿਜੇ ਕਲਾਸੀਕਲ ਨਾਚਾਂ ਵਿਚ ਪਰਿਵਰਤਿਤ ਹੋ ਗਿਆ ਅਤੇ ਜਿਹੜੇ ਨਾਚ ਸਥਾਨਕ ਪੱਧਰ ਉਤੇ ਹੋਣ ਵਾਲੇ ਧਾਰਮਿਕ ਸਮਾਜਿਕ ਅਤੇ ਸਾਮੂਹਕ ਇਕੱਠਾ ਵਿਚੋਂ ਭਿੰਨ ਭਿੰਨ ਜਾਤਾਂ, ਗੋਤਾਂ, ਲੋਕ ਦਾਇਰਿਆ ਵਿਚ ਪ੍ਰਵਾਨ ਚੜੇ, ਉਹ ਲੋਕ ਨਾਚਾਂ ਵਿਚ ਪਰਿਵਰਤਿਤ ਹੋ ਗਏ। ਕਲਾਸੀਕਲ ਨਾਚਾਂ ਦੇ ਮੁਕਾਬਲੇ ਲੋਕ ਨਾਚ ਮੂਲ ਰੂਪ ਵਿਚ ਮਨੋਰੰਜਨ ਕੇਂਦਰਿਤ ਰਹੇ ਹਨ ਅਤੇ ਇਸ ਦਾ ਮੂਲ ਅਧਾਰ ਭਾਵੁਕ ਆਵੇਸ਼ ਦਾ ਖੁਲ੍ਹਾ ਪ੍ਰਗਟਾਵਾ ਹੈ। ਕਲਾਸੀਕਲ ਨਾਚ, ਚੋਣਵੇਂ ਨਾਚ-ਸਕੂਲਾਂ ਅਤੇ ਵਿਸ਼ੇਸ਼ ਸ਼ੈਲੀਆਂ ਦੇ ਰੂਪ ਵਿਚ ਵਿਕਸਿਤ ਹੋਏ। ਲੋਕ-ਨਾਚ ਲੋਕ ਸਮੂਹ ਦੀ ਵਿਲੱਖਣ ਸਭਿਆਚਾਰਕ ਪਛਾਣ ਦੇ ਅਨੁਸਾਰ ਢਲਦੇ ਗਏ।

**4.1.5 ਲੋਕਾਂ ਨਾਚਾਂ ਦਾ ਬਦਲਦਾ ਸਰੂਪ:**

ਲੋਕਾਂ ਦੀਆਂ ਬਦਲਦੀਆਂ ਜੀਵਨ ਸਥਿਤੀਆਂ ਅਤੇ ਸਮਾਜਕ ਬਣਤਰ ਅਨੁਸਾਰ ਲੋਕ ਨਾਚ ਵੀ ਬਦਲਦੇ ਰਹੇ ਹਨ। ਕੁਝ ਨਵਾਂ ਇਹਨਾਂ ਵਿਚ ਸ਼ਾਮਿਲ ਹੁੰਦਾ ਰਿਹਾ ਹੈ ਅਤੇ ਕੁਝ ਪੁਰਾਣਾ ਖਾਰਜ ਹੁੰਦਾ ਰਹਿੰਦਾ ਹੈ। ਇਸੇ ਲਈ ਮੌਜੂਦਾ ਲੋਕ ਨਾਚਾਂ ਵਿਚ ਸਾਨੂੰ ਪੁਰਾਣੇ ਪੱਖਾਂ ਦੀ ਕੇਵਲ ਕੁਝ ਝਲਕ ਹੀ ਮਿਲਦੀ ਹੈ।

**4.1.6 ਸਾਰ**

ਭਾਵੇਂ ਲੋਕ ਨਾਚਾਂ ਨੂੰ ਕਲਾਸੀਕਲ ਨਾਚਾਂ ਦੇ ਮੁਕਾਬਲੇ ਨੀਵਾਂ ਸਮਝਿਆ ਜਾਂਦਾ ਰਿਹਾ ਹੈ ਪਰੰਤੂ ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਲੋਕ ਨਾਚ ਬਾਕੀ ਨਾਚਾਂ ਦੇ ਵਾਰਿਸ ਹਨ। ਵੱਖ ਵੱਖ ਖਿਤਿਆਂ ਦੇ ਵਾਸੀਆਂ ਦੇ ਆਪੋ ਆਪਣੇ ਲੋਕ ਨਾਚ ਹਨ ਜੋ ਲੋਕਧਾਰਾਂ ਦਾ ਇਕ ਅਨਿਖੜ ਅੰਸ਼ ਹਨ, ਜਿਹਨਾਂ ਦੀ ਇਕ ਦੀਰਘ ਪਰੰਪਰਾ ਹੈ।

**4.1.7 ਲੋਕ ਨਾਚਾਂ ਦਾ ਜਨਮ ਤੇ ਵਿਕਾਸ ਦਾ ਵਿਸ਼ੈ ਵਸਤੂ**

ਇਹ ਲੇਖ ਡਾ. ਨਾਹਰ ਸਿੰਘ ਦਾ ਲਿਖਿਆ ਹੋਇਆ ਹੈ। ਡਾ. ਸਾਹਿਬ ਨੇ ਇਸ ਲੇਖ ਵਿਚ ਲੋਕ ਨਾਚਾਂ ਦੇ ਜਨਮ ਅਤੇ ਵਿਕਾਸ ਨੂੰ ਵਿਸ਼ੈ ਬਣਾਇਆ ਹੈ। ਲੇਖਕ ਨੇ ਸਮਾਜ ਦੇ ਵਿਕਾਸ ਪੜਾਵਾਂ, ਜਾਦੂ-ਯੁੱਗ, ਧਰਮ ਯੁੱਗ ਅਤੇ ਵਿਗਿਆਨ ਯੁੱਗ ਦਾ ਵਰਣਨ ਕਰਦਿਆਂ ਹੋਇਆ ਦੱਸਿਆ ਹੈ ਕਿ ਹਰ ਯੁੱਗ ਵਿਚ ਹੀ ਨਾਚ ਪਰੰਪਰਾ ਕਾਇਮ ਰਹੀ ਹੈ। ਨਾਚ ਆਦਿਮ ਕਾਲ ਤੋਂ ਚਲਦਾ ਆ ਰਿਹਾ ਹੈ। ਦੇਵੀ ਦੇਵਤਿਆਂ ਅਗੇ ਵੀ ਨਾਚ ਕੀਤੇ ਜਾਂਦੇ ਰਹੇ ਹਨ ਅਤੇ ਕੀਤੇ ਜਾਂਦੇ ਹਨ ਨਾਚ ਦਾ ਵਰਣਨ ਸਾਡੇ ਪ੍ਰਾਚੀਨ ਗ੍ਰੰਥਾਂ ਵਿਚ ਉਪਲਬਧ ਹੈ। ਜਿਹੜੇ ਨਾਚਾਂ ਨੂੰ ਰਾਜ ਦਰਬਾਰ ਦੀ ਅਤੇ ਧਾਰਮਿਕ ਸੁਰੱਖਿਆ ਮਿਲ ਗਈ ਉਹ ਨਿਯਮਬਧ ਹੋ ਕੇ ਕਲਾਸੀਕਲ ਨਾਚਾਂ ਵਿਚ ਪਰਿਵਰਤਿਤ ਹੋ ਗਏ ਅਤੇ ਜੋ ਜਨਸਾਧਾਰਣ ਅਤੇ ਆਮ ਲੋਕਾਂ ਦੇ ਮਨੋਭਾਵਾਂ, ਮੁਦਰਾਵਾਂ ਆਦਿ ਦੇ ਪ੍ਰਗਟਾਵ ਨਾਲ ਜੁੜੇ ਰਹੇ ਉਹ ਲੋਕ ਨਾਚ ਵਿਚ ਬਦਲ ਗਏ। ''ਲੋਕ ਨਾਚ ਵੀ ਸਮੇਂ ਸਿਰ ਸਮਾਜਕ ਸਥਿਤੀਆਂ ਅਨੁਸਾਰ ਬਦਲਦੇ ਰਹਿੰਦੇ ਹਨ। ਇਸ ਤਰ੍ਹਾ ਲੇਖਕ ਨੇ ਲੋਕਾਂ ਨਾਚ ਦੇ ਜਨਮ ਅਤੇ ਵਿਕਾਸ ਨੂੰ ਆਪਣੇ ਇਸ ਲੇਖ ਵਿਚ ਬਾਖੂਬੀ ਪੇਸ਼ ਕੀਤਾ ਹੈ।

**(ਅ) ਪੰਜਾਬ ਦੀਆਂ ਲੋਕ ਕਲਾਵਾਂ**

**4.2.1 ਭੂਮਿਕਾ**

ਪੰਜਾਬੀ ਸਭਿਆਚਾਰ ਵਾਂਗ ਪੰਜਾਬ ਦੀ ਲੋਕ ਕਲਾ ਵੀ ਅਤਿ ਪੁਰਾਣੀ ਵਿਸ਼ਾਲ ਅਤੇ ਵੰਨ ਸੁਵੰਨੀ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਕਰਕੇ ਇਥੇ ਜਿਹੜੀ ਕਲਾ ਉਤਪੰਨ ਹੋਈ ਹੈ। ਉਹ ਕੋਮਲ ਭਾਵੀ ਅਤੇ ਸੂਖਮ ਬਿਰਤੀ ਵਾਲੀ ਨਾ ਹੋਕੇ ਉਪਯੋਗੀ ਅਤੇ ਸਥੂਲ ਹੈ। ਸੂਖਮ ਕਲਾ ਦੇ ਉਤਪੰਨ ਲਈ ਜਿਸ ਸ਼ਾਂਤ ਵਾਤਾਵਰਣ ਦੀ ਲੋੜ ਹੁੰਦੀ ਹੈ ਉਹ ਪੰਜਾਬ ਵਿਚ ਉਪਲਬਧ ਨਹੀਂ ਸੀ। ਇਸੇ ਲਈ ਜਨਜੀਵਨ ਤੋਂ ਵਖਰੀ ਕੋਈ ਕਲਾ ਪੰਜਾਬ ਵਿਚ ਪੈਦਾ ਨਹੀਂ ਹੋ ਸਕੀ।

**4.2.2. ਪੰਜਾਬੀ ਦੀਆਂ ਪ੍ਰਸਿੱਧ ਲੋਕ ਕਲਾਵਾਂ**

ਭਾਵੇਂ ਲੋਕ ਕਲਾਵਾਂ ਦਾ ਖੇਤਰ ਅਸੀਮ ਹੈ ਪਰੰਤੂ ਵਿਦਵਾਨਾਂ ਦੇ ਮੁੱਖ ਰੂਪ ਵਿਚ ਹੇਠ ਲਿਖੇ ਰੂਪਾਂ ਵਲ ਸੰਕੇਤ ਕੀਤਾ ਹੈ।

(ੳ) ਖੁਣਨ ਕਲਾ
(ਅ) ਖਿਡੌਣੇ
(ੲ) ਇਮਾਰਤਸਾਜ਼ੀ
(ਸ) ਕੰਧ ਚਿੱਤਰ
(ਹ) ਬੁਣਤੀ
(ਕ) ਕਢਾਈ
(ਖ) ਬਾਗ ਫੁਲਕਾਰੀਆਂ
(ਗ) ਦਰੀਆਂ ਆਦਿ।

ਪੰਜਾਬ ਵਿਚ ਔਰਤਾਂ ਘਰੇਲੂ ਕੰਮਕਾਜ ਦੇ ਨਾਲ ਨਾਲ ਲੋਕ ਕਲਾ ਦੇ ਸਿਰਜਣ ਦਾ ਕੰਮ ਵੀ ਕਰਦੀਆਂ ਹਨ। ਪੰਜਾਬ ਦੀਆਂ ਕਾਰੀਗਰ ਜਾਤੀਆਂ ਦੇ ਲੋਕ ਆਪਣੇ ਪਿਤਾ ਪੁਰਖੀ ਕਿੱਤੇ ਦੇ ਨਾਲ ਨਾਲ ਲੋਕ ਕਲਾਵਾਂ ਦੀ ਸਿਰਜਣਾ ਵਿਚ ਆਪਣਾ ਹੱਥ ਵਟਾਉਂਦੇ ਰਹੇ ਹਨ। ਕਾਰੀਗਰ ਜਾਤੀਆਂ ਵਿਚ ਤਰਖਾਣ, ਲੁਹਾਰ, ਘੁਮਿਆਰ ਆਦਿ ਆਉਂਦੇ ਹਨ ਪਰੰਤੂ ਲੋਕ ਕਲਾ ਦੀ ਦ੍ਰਿਸ਼ਟੀ ਤੋ ਘੁਮਿਆਰ ਦਾ ਸਥਾਨ ਸਭ ਤੋਂ ਪੁਰਾਣਾ ਹੈ ਕਿਉਂਕਿ ਮਨੁੱਖ ਦਾ ਸਭ ਤੋ ਪਹਿਲਾ ਮਿੱਟੀ ਨਾਲ ਹੀ ਸੰਬੰਧ ਜੁੜਦਾ ਹੈ।

**4.2.3. ਘੁਮਿਆਰ ਦੀ ਕਲਾ**

ਘੁਮਿਆਰ ਕੇਵਲ ਭਾਂਡੇ ਹੀ ਤਿਆਰ ਨਹੀਂ ਕਰਦਾ ਸਗੋਂ ਉਹਨਾਂ ਵਿਚ ਕਲਾ ਸੁਹਜ ਵੀ ਭਰਦਾ ਹੈ। ਹਿੰਦੂ ਜਾਤੀ ਵਿਚ ਮਿੱਟੀ ਦੇ ਭਾਂਡੇ ਭਿਨੈ ਜਾਂਦੇ ਹਨ ਇਸ ਲਈ ਇਹਨਾਂ ਨੂੰ ਛੇਤੀ ਹੀ ਤਿਆਗ ਦਿੱਤਾ ਜਾਂਦਾ ਹੈ। ਪਰੰਤੂ ਮੁਸਲਮਾਨਾਂ ਵਿਚ ਇਹ ਵਿਸ਼ਵਾਸ ਹੈ ਕਿ ਜਿਸ ਘਰ ਵਿਚ ਮਿੱਟੀ ਦੇ ਭਾਂਡੇ ਹੋਣ ਉਥੇ ਫਰਿਸ਼ਤੇ ਫੇਰਾ ਪਾਉਂਦੇ ਹਨ। ਇਸ ਲਈ ਘੁਮਿਆਰ ਦੀ ਕਲਾ ਦਾ ਵਿਕਾਸ ਮੁਸਲਮਾਨੀ ਪ੍ਰਭਾਵ ਅਧੀਨ ਵਧੇਰੇ ਹੋਇਆ ਹੈ।

**4.2.4 ਤਰਖਾਣ ਦੀ ਕਲਾ**

ਤਰਖਾਣ ਲਕੜੀ ਉੱਤੇ ਕਲਾਕਾਰੀ ਦਾ ਕਮਾਲ ਦਿਖਾਂਦਾ ਹੈ। ਪਲੰਘ, ਪੀੜ੍ਹੀਆਂ, ਚਰਖੇ, ਸੰਦੂਕ, ਰੱਥ ਗੱਡੇ ਘਰ ਦੇ ਦਰਵਾਜੇ ਆਦਿ ਇਸ ਦੀ ਕਲਾ ਦੇ ਸੁੰਦਰ ਨਮੂਨੇ ਹਨ। ਸ਼ਿਲਪਕਾਰ ਜਾਤੀਆਂ ਵਿਚ ਤਰਖਾਣ ਦਾ ਵਿਸ਼ੇਸ਼ ਮਹੱਤਵ ਹੈ। ਜਲੰਧਰ/ਕਰਤਾਰਪੁਰ ਦਾ ਫਰਨੀਚਰ ਅਤੇ ਹੁਸ਼ਿਆਰਪੁਰ ਦਾ ਲਕੜੀ ਦਾ ਕੰਮ ਅੱਜ ਵੀ ਸੁਲਾਹਣ ਯੋਗ ਹੈ।

**4.2.5 ਸੁਨਿਆਰ ਦੀ ਕਲਾ**

ਸੁਨਿਆਰ ਦੰਦਾਂ ਵਿਚ ਸੋਨੇ ਦੀਆਂ ਮੇਖਾਂ ਲਾਣ ਤੋ ਲੈ ਕੇ ਸਰੀਰ ਦੇ ਵਿਭਿੰਨ ਅੰਗਾਂ ਲਈ ਗਹਿਣੇ ਤਿਆਰ ਕਰਨ ਵਿਚ ਆਪਣੀ ਕਲਾ ਦਾ ਕਮਾਲ ਵਿਖਾਦਾ ਹੈ। ਪੰਜਾਬ ਵਿਚ ਗਹਿਣਿਆਂ ਦੀਆਂ ਨੌ ਤੋਂ ਉਪਰ ਕਿਸਮਾਂ ਉਪਲਬਧ ਹਨ। ਪਹਿਲਾਂ ਗਹਿਣਿਆਂ ਉਤੇ ਦੇਵਤਿਆਂ ਦੀਆਂ ਮੂਰਤਾਂ ਬਣਾਈਆਂ ਜਾਂਦੀਆਂ ਸਨ ਪਰੰਤੂ ਮੁਸਲਮਾਨੀ ਪ੍ਰਭਾਵ ਹੇਠ ਵੇਲ ਬੂਟੇ ਪਾਣ ਦੀ ਕਲਾ ਵਿਕਸਿਤ ਹੋਈ।

**4.2.6. ਘਰੇਲੂ ਔਰਤਾਂ ਦੀ ਕਲਾ**

ਇਹਨਾਂ ਕਾਰੀਗਰ ਜਾਤੀਆਂ ਦੀ ਕਲਾ ਤੋਂ ਇਲਾਵਾ ਘਰੇਲੂ ਔਰਤਾਂ ਦੀ ਕਲਾ ਦਾ ਵੀ ਮਹੱਤਵ ਹੈ। ਦਰੀਆਂ ਦੀ ਬੁਣਾਈ, ਖੇਸ, ਚਾਦਰਾਂ, ਗਲੀਚੇ ਆਦਿ ਦੀ ਬੁਣਾਈ ਕਲਾ ਦੀ ਉਤਪਤੀ ਦਰਸਾਂਦੀ ਹੈ। ਦਰੀਆਂ ਦੀ ਬੁਣਾਈ ਵਿਚ ਰੰਗ ਬਰੰਗੇ ਡਿਜ਼ਾਈਨ ਰੂਹ ਨੂੰ ਖੇੜਾ ਬਖ਼ਸ਼ਦੇ ਹਨ। ਮਸ਼ੀਨੀ ਯੁੱਗ ਨੇ ਇਸ ਕਲਾ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ।

ਬੁਣਾਈ ਦੇ ਨਾਲ ਕਢਾਈ ਦੀ ਕਲਾ ਵੀ ਵੇਖਣ ਨੂੰ ਮਿਲਦੀ ਹੈ। ਫੁਲਕਾਰੀ, ਚਾਦਰਾਂ, ਸਿਰਹਣੇ,

ਝੋਲਿਆਂ, ਆਦਿ ਦੀ ਕਢਾਈ ਪੰਜਾਬੀਆਂ ਦੀ ਲੋਕ ਕਲਾ ਦਾ ਮਹੱਤਵਪੂਰਣ ਕਾਰਜ ਰਿਹਾ ਹੈ।

ਇਸ ਦੇ ਨਾਲ ਹੀ ਛਿੱਕੂ, ਬੋਹੜੇ, ਮੂਹੜੇ ਆਦਿ ਬਣਾਉਣ ਦਾ ਕੰਮ ਵੀ ਲੋਕ ਕਲਾ ਦੇ ਅੰਤਰਗਤ ਹੀ ਆਉਂਦਾ ਹੈ।

ਇਸ ਤੋਂ ਇਲਾਵਾ ਪੰਜਾਬ ਦੇ ਪਿੰਡਾਂ ਵਿਚ ਨਾਲੇ ਬੁਣਨ ਦੀ ਕਲਾ ਵੀ ਕਾਫ਼ੀ ਵਿਕਸਿਤ ਰਹੀ ਹੈ। ਇਸ ਵਿਚ ਡਿਜ਼ਾਇਨ ਤਿਆਰ ਕਰਨਾ ਕਾਫ਼ੀ ਸੂਖਮ ਬੁਧੀ ਵਾਲਾ ਕਾਰਜ ਹੁੰਦਾ ਹੈ।

**4.2.7 ਫੁੱਲਕਾਰੀ ਅਤੇ ਹੋਰ ਕਢਾਈ**

ਪੰਜਾਬੀ ਵਿਚ ਕਢਾਈ ਕਲਾ ਦੇ ਹੋਰ ਨਮੂਨੇ ਵੀ ਉਪਲਬਧ ਹਨ ਪਰੰਤੂ ਇਹਨਾਂ ਵਿਚ ਸਭ ਤੋਂ ਮਹੱਤਵਪੂਰਨ ਅਤੇ ਪ੍ਰਸਿੱਧ ਫੁੱਲਕਾਰੀ ਹੈ। ਇਹ ਕਢਾਈ ਦੀ ਵੰਨਗੀ ਦਾ ਸਿਖਰ ਹੈ।

ਫੁਲਕਾਰੀ ਦਾ ਸ਼ਾਬਦਿਕ ਅਰਥ ਫੁੱਲ ਪਾਣਾ ਜਾਂ ਖਿਚਣਾ ਹੈ। ਵੇਲ, ਬੂਟੇ, ਬੂਟੀਆਂ ਫੁਲਕਾਰੀ ਦੀ ਜਿੰਦਜਾਨ ਹਨ। ਫੁਲਕਾਰੀ ਦੇ ਅੱਗੋਂ ਵੰਨ-ਸੁਵੰਨੇ ਰੂਪ ਉਪਲਬਧ ਹਨ ਜਿਵੇਂ ਕਿ ਚੋਪ, ਸੁਬਰ, ਤਿਲ ਪਤਰਾ, ਨੀਲਕ, ਘੁੰਮਣ, ਡਮਾਸ, ਬਾਗ਼ ਆਦਿ।

ਫੁੱਲਕਾਰੀ ਦੀ ਕਢਾਈ ਦਾ ਕਮਾਲ ਇਹ ਹੈ ਕਿ ਇਹ ਕਪੜੇ ਦੇ ਪੁੱਠੇ ਪਾਸਿਓਂ ਕਢੀ ਜਾਂਦੀ ਹੈ। ਫੁੱਲਕਾਰੀ ਦੀ ਕਢਾਈ ਮੌਲਿਕ ਪ੍ਰਤਿਭਾ ਅਨੁਸਾਰ ਢਲਦੀ ਹੈ। ਇਹ ਕਢਾਈ ਕੋਈ ਸਧਾਰਣ ਕਿਸਮ ਦੀ ਕਢਾਈ ਨਹੀਂ। ਫੁੱਲਕਾਰੀ ਦੀ ਕਢਾਈ ਪੱਟ (ਰੇਸ਼ਮ)ਦੇ ਧਾਗੇ ਨਾਲ ਕੀਤੀ ਜਾਂਦੀ ਹੈ। ਪੱਟ ਪੋਟਿਆਂ ਨਾਲ ਚਿੰਬੜ ਜਾਣ ਕਰਕੇ ਵੀ ਇਹ ਕਢਾਈ ਔਖੀ ਹੈ।

**4.2.8. ਫੁੱਲਕਾਰੀ ਦੀਆਂ ਕਿਸਮਾਂ**

ਵਰਤੋਂ ਦੀ ਦ੍ਰਿਸ਼ਟੀ ਤੋਂ ਫੁੱਲਕਾਰੀ ਦੀਆਂ ਕਈ ਕਿਸਮਾਂ ਹੋਂਦ ਵਿਚ ਆ ਗਈਆਂ ਹਨ। ਇਹਨਾਂ ਵਿਚ ਕੁਝ ਕੁ ਪ੍ਰਸਿੱਧ ਇਸ ਪ੍ਰਕਾਰ ਹਨਃ

**4.2.8.1 ਬਾਗ਼ਃ** ਬਾਗ਼ ਤੋਂ ਫੁੱਲਕਾਰੀ ਵਿਚ ਬੁਨਿਆਦੀ ਅੰਤਰ ਇਹ ਹੁੰਦਾ ਹੈ ਕਿ ਬਾਗ਼ ਦੀ ਕਢਾਈ ਕਰਨ ਸਮੇਂ ਇਸ ਵਿਚ ਰਤਾਂ ਜਿੰਨੀ ਥਾਂ ਵੀ ਅਣ ਕੱਢੀ ਨਹੀਂ ਰਹਿੰਦੀ।ਇਸਦੀ ਕਢਾਈ ਅਕਸਰ ਦੋ ਰੰਗਾਂ ਵਿਚ ਕੀਤੀ ਜਾਂਦੀ ਹੈ। ਬਾਗ਼ ਦੇ ਪੱਲੇ ਫੁੱਲਕਾਰੀ ਵਾਂਗੂੰ ਵਖਰੇ ਨਹੀਂ ਬਾਗ਼ ਫੁੱਲਕਾਰੀ ਦਾ ਸਭ ਤੋਂ ਦਿਲਕਸ਼ ਅਤੇ ਵਿਕਸਤ ਨਮੂਨਾ ਹੈ।

**4.2.8.2 ਚੋਪ ਤੇ ਸੁਬਰਃ** ਚੋਪ ਵਿਆਹ ਦੀ ਫੁੱਲਕਾਰੀ ਹੈ। ਇਸ ਦਾ ਆਕਾਰ ਸਾਧਾਰਣ ਫੁੱਲਕਾਰੀ ਤੋਂ ਵੱਡਾ ਹੁੰਦਾ ਹੈ। ਇਸਦੀ ਕਢਾਈ ਖਾਸ ਗੁੰਝਲਦਾਰ ਤੋਪੇ ਰਾਹੀਂ ਕੀਤੀ ਜਾਂਦੀ ਹੈ। ਇਹ ਲਾਲ ਰੰਗ ਦਾ ਕਪੜਾ ਹੁੰਦਾ ਹੈ, ਜਿਹੜਾ ਕੇਵਲ ਵਿਹਾਂਦੜ ਕੁੜੀ ਹੀ ਪਹਿਨਦੀ ਹੈ। ਸਾਲੂ ਵੀ ਇਸੇ ਤਰ੍ਹਾਂ ਹੁੰਦਾ ਹੈ, ਪਰੰਤੂ ਇਹ ਰੋਜ਼ਾਨਾ ਪਹਿਰਾਵੇ ਦਾ ਕਪੜਾ ਹੁੰਦਾ ਹੈ।

**4.2.8.3 ਤਿਲ ਪੱਤਰਾਃ** ਇਹ ਹਲਕੇ ਖੱਦਰ ਦੇ ਪੱਲੇ ਉਤੇ ਏਧਰ ਉਧਰ ਤੋਪੇ ਭਰੇ ਹੋਏ ਹੁੰਦੇ ਹਨ। ਇਹੋ ਜਿਹੀਆਂ ਫੁੱਲਕਾਰੀਆਂ ਅਕਸਰ ਸੇਵਾ ਕਰਨ ਵਾਲਿਆਂ ਨੂੰ ਦਿੱਤੀਆਂ ਜਾਂਦੀਆਂ ਹਨ।

**4.2.8.4 ਨੀਲਕਃ** ਇਹ ਕਾਲੇ ਜਾਂ ਨੀਲੇ ਖੱਟਰ ਉੱਤੇ ਪੀਲੇ ਗੂੜ੍ਹੇ ਅਤੇ ਲਾਲ ਰੇਸ਼ਮ ਦੇ ਧਾਗੇ ਨਾਲ ਕੱਢੀ ਜਾਂਦੀ ਹੈ। ਇਹ ਬੜੀ ਸੋਹਣੀ ਅਤੇ ਦਿਲਕਸ਼ ਫੁੱਲਕਾਰੀ ਮੰਨੀ ਜਾਂਦੀ ਹੈ।ਇਸ ਦਾ ਰੰਗ ਇਕ ਖਾਸ ਵਿਧੀ ਨਾਲ ਤਿਆਰ ਹੁੰਦਾ ਹੈ।

**4.2.8. ਘੁੰਗਟ ਬਾਗਃ** ਇਹ ਬਾਗ਼ ਦੀ ਹੀ ਇਕ ਵੰਨਗੀ ਹੈ। ਇਹ ਅਕਸਰ ਰਾਵਲਪਿੰਡੀ (ਹੁਣ ਪਾਕਿਸਤਾਨ) ਦੇ ਇਲਾਕੇ ਵਿਚ ਵਧੇਰੇ ਪ੍ਰਸਿੱਧ ਰਿਹਾ ਹੈ। ਇਸਦੇ ਸਿਰ ਉਤਲੇ ਸਿਰੇ ਉਤੇ ਤਿਕੋਨੀ ਕਢਾਈ ਕੀਤੀ ਜਾਂਦੀ ਹੈ। ਇਸ ਦਾ ਰਿਵਾਜ ਹਿੰਦੂਆਂ ਦੇ ਘੁੰਡ ਕੱਢਣ ਅਤੇ ਮੁਸਲਮਾਨ ਦੇ ਪਰਦੇ ਵਿਚੋਂ ਪ੍ਰਚਲਿਤ ਹੋਇਆ।

**4.2.9. ਡਮਾਸਃ** ਇਹ ਅਕਸਰ ਰੋਹਤਕ, ਗੁੜ੍ਹਗਾਵਾਂ, ਹਿਸਾਰ ਦਿੱਲੀ ਆਦਿ ਦੇ ਇਲਾਕੇ ਵਿਚ ਪ੍ਰਚਲਿਤ ਰਹੀ ਹੈ। ਇਸ ਵਿਚ ਸ਼ੀਸ਼ੇ ਦਾ ਕੰਮ ਹੋਇਆ ਹੁੰਦਾ ਹੈ।

**4.2.10** ਪੰਜਾਬ ਵਿਚ ਸੋਹਣੀ ਕੁੜੀ ਨਾਲੋਂ ਸਹੁੰਨਰੀ ਕੁੜੀ ਨੂੰ ਚੰਗਾ ਸਮਝਿਆ ਜਾਂਦਾ ਹੈ। ਪੰਜਾਬ ਵਿਚ ਨਾਮ ਜੱਪਣ ਤੋਂ ਵੀ ਪਹਿਲਾ ਕਿਰਤ ਕਰਨ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਪੰਜਾਬ ਦੀ ਲੋਕ ਕਲਾ ਦੀ ਮੌਲਿਕਤਾ,

ਵਿਲੱਖਣਤਾ ਅਤੇ ਸਾਰਥਿਕਤਾ ਵੀ ਇਸੇ ਨੁਕਤੇ ਤੋਂ ਹੀ ਪਛਾਣੀ ਜਾਂਦੀ ਹੈ।

**4.2.11 ਪੰਜਾਬ ਦੀਆਂ ਲੋਕ ਕਲਾਵਾਂ ਦਾ ਵਿਸ਼ੈ ਵਸਤੂ**

ਇਹ ਲੇਖ ਡਾ. ਜੀਤ ਸਿੰਘ ਜੋਸ਼ੀ ਦਾ ਲਿਖਿਆ ਹੋਇਆ ਹੈ। ਇਸ ਲੇਖ ਵਿਚ ਲੇਖਕ ਨੇ ਪੰਜਾਬੀ ਜਨ ਜੀਵਨ ਵਿਚ ਪ੍ਰਚਲਿਤ ਲੋਕ ਕਲਾਵਾਂ ਦਾ ਵਰਣਨ ਕੀਤਾ ਹੈ। ਪੰਜਾਬ ਦੀਆਂ ਲੋਕ ਕਲਾਵਾਂ ਦਾ ਖੇਤਰ ਬੜਾ ਵਿਸ਼ਾਲ ਹੈ। ਇਸ ਨੂੰ ਪ੍ਰਫੁਲਿਤ ਕਰਨ ਵਿਚ ਸਭ ਤੋਂ ਵੱਧ ਯੋਗਦਾਨ ਪੰਜਾਬ ਦੀਆਂ ਕਾਰੀਗਰ ਜਾਤਾਂ, ਤਰਖਾਣ, ਘੁਮਿਆਰ, ਸੁਨਿਆਰ ਅਤੇ ਪੇਂਡੂ ਇਸਤਰੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਘੁਮਿਆਰ ਮਿੱਟੀ ਤੋਂ ਭਾਂਤ ਭਾਂਤ ਦੇ ਬਰਤਨ ਬਣਾਂਦਾ ਹੈ ਅਤੇ ਉਹਨਾਂ ਨੂੰ ਫੁਲ ਬੂਟਿਆਂ ਨਾਲ ਸਜਾਂਦਾ ਹੈ। ਤਰਖਾਣ ਲੱਕੜ, ਦਾ ਕੰਮ, ਫਰਨੀਚਰ ਹੀ ਨਹੀਂ ਬਣਾਦਾ ਸਗੋਂ ਘਰ ਦੇ ਦਰਵਾਜ਼ੇ ਖਿੜਕੀਆਂ ਨੂੰ ਆਪਣੇ ਕਲਾ ਹੁਨਰ ਨਾਲ ਸਜਾਂਦਾ ਹੈ। ਸੁਨਿਆਰ ਗਹਿਣਿਆਂ ਦੇ ਸੁਹਜ ਨੂੰ ਉਜਾਗਰ ਕਰਦਾ ਹੈ। ਇਸਤਰੀਆਂ ਆਪਣੇ ਹੱਥਾਂ ਨਾਲ ਛਿੱਕੂ, ਮੂਹੜੇ ਆਦਿ ਬਣਾਂਦੀਆਂ ਹਨ। ਦਰੀਆਂ ਆਦਿ ਦੀ ਬੁਣਾਈ ਕਰਦੀਆਂ ਹਨ। ਪੰਜਾਬ ਵਿਚ ਕਢਾਈ ਦਾ ਸਭ ਤੋਂ ਵਿਕਸਿਤ ਰੂਪ ਫੁੱਲਕਾਰੀ ਹੈ। ਫੁੱਲਕਾਰੀ ਦੀ ਕਢਾਈ ਵਿਸ਼ੇਸ਼ ਕਿਸਮ ਦੀ ਹੁੰਦੀ ਹੈ। ਇਹ ਕਪੜੇ ਦੇ ਪਿਛਲੇ ਪਾਸਿਓਂ ਕੀਤੀ ਜਾਂਦੀ ਹੈ। ਇਸਦੀ ਵਿਸ਼ੇਸ਼ਤਾ ਨੂੰ ਸਨਮੁੱਖ ਰੱਖ ਕੇ ਹੀ ਲੇਖਕ ਨੇ ਇਸ ਦੀਆਂ ਵਿਭਿੰਨ ਕਿਸਮਾਂ ਬਾਗ਼, ਚੋਪ, ਨੀਲਕ, ਸੁਧਾਰ, ਤਿੱਲ ਪਾਤਰਾ, ਘੁੰਗਟ ਬਾਗ਼, ਛਮਾਸ ਆਦਿ ਬਾਰੇ ਵੀ ਜਾਣਕਾਰੀ ਦਿੱਤੀ ਹੈ। ਇਸ ਤਰ੍ਹਾਂ ਲੇਖਕ ਦਾ ਪ੍ਰਮੁੱਖ ਉਦੇਸ਼ ਪੰਜਾਬ ਦੀਆਂ ਲੋਕ ਕਲਾਵਾਂ ਅਤੇ ਇਨ੍ਹਾਂ ਨਾਲ ਜੁੜੇ ਹੋਏ ਕਲਾਕਾਰਾਂ ਬਾਰੇ ਜਾਣੂੰ ਕਰਾਉਣਾ ਹੈ।

**(ੲ) ਪੰਜਾਬ ਦੀਆਂ ਲੋਕ ਖੇਡਾਂ**

**4.3.1 ਭੂਮਿਕਾ:** ਖੇਡਾਂ ਦਾ ਸੰਬੰਧ ਕੇਵਲ ਬਚਪਨ ਨਾਲ ਹੀ ਨਹੀਂ ਸਗੋਂ ਮਨੁੱਖ ਦੀ ਸਮੁੱਚੀ ਜ਼ਿੰਦਗੀ ਵਿਚ ਵਿਸ਼ੇਸ਼ ਮਹੱਤਵ ਰਖਦੀਆਂ ਹਨ। ਬਚਪਨ ਦੀਆਂ ਖੇਡਾਂ ਤੋਂ ਵੱਡੀ ਉਮਰ ਦੀਆ ਖੇਡਾਂ ਤੱਕ ਖੇਡਾਂ ਦੀ ਚੋਣ ਅਤੇ ਖੇਡਣ ਦੇ ਤੌਰ ਤਰੀਕੇ ਬਦਲ ਜਾਂਦੇ ਹਨ। ਬਚਪਨ ਤੋਂ ਖੇਡ ਨਾਲ ਜੁੜਨਾ, ਨਿਯਮਾਂ ਅਧੀਨ ਖੇਡਣਾ, ਸਮਾਜਕ ਸਹਿਯੋਗ ਅਤੇ ਕਦਰਾਂ ਕੀਮਤਾਂ ਨੂੰ ਅਪਨਾਉਣ ਦੀ ਭਾਵਨਾ ਉਤਪੰਨ ਕਰਦਾ ਹੈ।

**4.3.2 ਲੋਕ ਖੇਡਾਂ:** ਲੋਕ ਖੇਡਾਂ ਕਿਸੇ ਵੀ ਸਮਾਜ ਦਾ ਇਕ ਮਹੱਤਵਪੂਰਣ ਅੰਗ ਹੁੰਦੀਆਂ ਹਨ। ਇਹ ਵਿਵਸਾਇਕ ਖੇਡਾਂ ਵਾਂਗੂੰ ਮੁਕਾਬਲੇ ਦੀ ਭਾਵਨਾ ਨਾਲ ਭਾਵੇ ਨਾ ਖੇਡੀਆਂ ਜਾਣ ਪਰੰਤੂ ਇਹਨਾਂ ਦਾ ਮੁੱਖ ਮਨੋਰਥ ਮਨ ਪਰਚਾਵਾ ਹੁੰਦਾ ਹੈ।

ਲੋਕ ਖੇਡਾਂ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਨੂੰ ਖੇਡਣ ਲਈ ਨਾ ਤਾਂ ਕਿਸੇ ਵਿਸ਼ੇਸ਼ ਸਾਜੋ ਸਮਾਨ ਦੀ ਲੋੜ ਪੈਂਦੀ ਹੈ ਅਤੇ ਨਾਹੀਂ ਨਿਸਚਿਤ ਪੈਮਾਇਸ਼ ਵਾਲੇ ਖੇਡ ਮੈਦਾਨਾਂ ਦੀ। ਲੋਕ ਖੇਡਾਂ ਦਾ ਕਾਰਜ ਖੇਤਰ ਕਈ ਵਾਰੀ ਸਮੁੱਚਾ ਪ੍ਰਦੇਸ਼ ਹੁੰਦਾ ਹੈ ਪਰੰਤੂ ਕਈ ਵਾਰੀ ਇਹ ਬਹੁਤ ਥੋੜੇ ਇਲਾਕੇ ਤਕ ਸੀਮਤ ਹੁੰਦੀਆਂ ਹਨ:

**4.3.3 ਮੁੰਡਿਆਂ ਅਤੇ ਕੁੜੀਆ ਦੀਆਂ ਖੇਡਾਂ**

ਲੋਕ ਖੇਡਾਂ ਮੁੰਡਿਆਂ ਅਤੇ ਕੁੜੀਆਂ ਦੀਆਂ ਕਾਫ਼ੀ ਹੱਦ ਤਕ ਵੱਖੋ ਵੱਖਰੀਆਂ ਹੁੰਦੀਆਂ ਹਨ। ਭਾਵੇਂ ਕੁਝ ਹੱਦ ਤਕ ਇਹਨਾਂ ਵਿਚ ਸਾਂਝ ਵੀ ਹੋ ਸਕਦੀ ਹੈ। ਮੁੰਡਿਆਂ ਦੀਆ ਖੇਡਾਂ ਆਮ ਤੌਰ ਤੇ ਉਹਨਾਂ ਦੇ ਸਰੀਰਕ ਬੱਲ ਨਾਲ ਸੰਬੰਧਿਤ ਹੁੰਦੀਆਂ ਹਨ ਅਤੇ ਖੁਲ੍ਹੇ ਸਥਾਨਾ ਉਤੇ ਖੇਡੀਆ ਜਾਂਦੀਆਂ ਹਨ ਜਦੋਂ ਕਿ ਕੁੜੀਆਂ ਦੀਆਂ ਖੇਡਾਂ ਸਮਾਜ ਵਿਚ ਉਹਨਾਂ ਦੀ ਸਥਿਤੀ ਨੂੰ ਵੇਖਦਿਆਂ ਹੋਇਆਂ ਬਹੁਤੀਆਂ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਵਿਚ ਨਾ ਬਹੁਤੇ ਸਰੀਰਕ ਬਲ ਦੀ ਲੋੜ ਹੁੰਦੀ ਹੈ ਅਤੇ ਨਾਹੀ ਕਿਸੇ ਖੁਲ੍ਹੇ ਮੈਦਾਨ ਦੀ।

**4.3.4. ਮੁੰਡਿਆਂ ਦੀਆਂ ਪ੍ਰਮੁੱਖ ਖੇਡਾਂ:**

ਮੁੰਡਿਆਂ ਦੀਆਂ ਪ੍ਰਮੁੱਖ ਖੇਡਾਂ ਹੇਠ ਲਿਖੇ ਅਨੁਸਾਰ ਹਨ:

**4.3.4.1 ਬਾਂਦਰ ਕਿੱਲਾ:** ਇਸ ਵਿਚ ਖਿਡਾਰੀਆਂ ਦੀ ਗਿਣਤੀ ਕੋਈ ਨਿਸਚਿਤ ਨਹੀ। ਜਿੰਨੇ ਵਧ ਹੋਣ ਉਨੀ ਹੀ ਰੋਚਕ ਹੋ ਜਾਂਦੀ ਹੈ। ਇਕ ਖੁੱਲ੍ਹੀ ਜਗ੍ਹਾਂ ਤੇ ਕਿੱਲਾ ਗਡ ਕੇ ਰਸੀ ਬੰਨ੍ਹ ਦਿੱਤੀ ਜਾਂਦੀ ਹੈ ਅਤੇ ਉਸਦੇ ਕਿਲੇ ਦੇ ਨੇੜੇ ਸਾਰੇ ਬੱਚੇ ਆਪਣੀਆ ਜੁੱਤੀਆਂ ਲਾਹ ਦਿੰਦੇ ਹਨ। ਹਰ ਇਕ ਨੇ ਆਪਣੀ ਜੁਤੀ ਲੈਣੀ ਹੁੰਦੀ ਹੈ ਅਤੇ ਦਾਈ ਦੇਣ ਵਾਲੇ ਨੇ ਉਸਨੂੰ ਰੋਕਣਾ ਹੁੰਦਾ ਹੈ। ਜਦੋ ਦਾਈ ਦੇਣ ਵਾਲਾ ਕਿਸੇ ਬੱਚੇ ਨੂੰ ਛੋਹ ਲੈਂਦਾ ਹੈ ਤਾਂ ਦਾਈ, ਮੀਟੀ ਜਾਂ ਵਾਰੀ ਉਸਦੇ ਸਿਰ ਆ ਜਾਂਦੀ ਹੈ।

4.3.4.2 **ਖਲੀ ਘੋੜੇ ਦੀ:** ਇਸ ਨੂੰ ਮਲੂਕ ਘੋੜੀ, ਨੀਲੀ ਦਾ ਸਵਾਰ ਵੀ ਆਖਿਆਂ ਜਾਂਦਾ ਹੈ। ਸਭ ਤੋਂ ਪਹਿਲਾਂ ਪੁਗਿਆ ਖਿਡਾਰੀ 'ਖਾਨ' ਅਤੇ ਅਖੀਰ ਵਿਚ ਰਹਿ ਗਿਆ ਖਿਡਾਰੀ ਘੋੜੀ ਬਣਦਾ ਹੈ। ਜਿਹੜਾ ਫੜਿਆ ਜਾਵੇ ਉਹ ਘੋੜੀ ਬਣਦਾ ਹੈ ਅਤੇ ਘੋੜੀ ਬਣਿਆਂ ਬੱਚਾ ਫਿਰ ਖਾਨ ਬਣਦਾ ਹੈ।

4.3.4.3 **ਰੱਬ ਦੀ ਖੁੱਤੀ:** ਖਿਡਾਰੀਆਂ ਦੀ ਗਿਣਤੀ ਅਨੁਸਾਰ ਗੋਲ ਦਾਇਰੇ ਵਿਚ ਥੋੜੀ ਥੋੜੀ ਦੂਰੀ ਉਤੇ ਖੁੱਤੀਆਂ ਪੁਟ ਲਈਆ ਜਾਂਦੀਆਂ ਹਨ ਅਤੇ ਵਿਚਕਾਰ ਇਕ ਵੱਡਾ ਟੋਆ ਪੁਟਿਆ ਜਾਂਦਾ ਹੈ। ਸਾਰੇ ਖਿਡਾਰੀ ਦਾਇਰੇ ਵਿਚ ਖੜ ਜਾਂਦੇ ਹਨ। ਇਕ ਖਿਡਾਰੀ ਗੇਦ ਉਪਰ ਨੂੰ ਸੁੱਟਦਾ ਹੈ। ਜੇਕਰ ਕੋਈ ਇਸ ਗੇਂਦ ਨੂੰ ਬੋਚ ਲਵੇ ਜਾਂ ਕਿਸੇ ਹੋਰ ਨੂੰ ਮਾਰ ਦੇਵੇ ਤਾਂ ਉਹ ਘੋੜੀ ਬਣਦਾ ਹੈ ਅਤੇ ਮਾਰਨ ਵਾਲਾ ਸਵਾਰ: ਜੇ ਗੇਂਦ ਕਿਸੇ ਦੀ ਖੁੱਤੀ ਵਿਚ ਆ ਡਿੱਗੇ ਤਾਂ ਖੁੱਤੀ ਵਾਲਾ ਸਵਾਰ ਅਤੇ ਉਪਰ ਸੁੱਟਣ ਵਾਲਾ ਘੋੜੀ।

4.3.4.4. **ਢਕੁੱਲੀ:** ਇਹ ਖੇਡ ਗੁਰਦਾਸਪੁਰ ਦੇ ਇਲਾਕੇ ਵਿਚ ਖੇਡੀ ਜਾਂਦੀ ਹੈ। ਇਹ ਖੇਡ ਕਾਫੀ ਹੱਦ ਤੱਕ ਰਬ ਦੀ ਖੁੱਤੀ ਨਲ ਹੀ ਮਿਲਦੀ ਜੁਲਦੀ ਹੈ। ਖੁੱਤੀ ਦੀ ਥਾਂ ਖਾਨੇ ਬਣਾਏ ਜਾਂਦੇ ਹਨ। ਅਤੇ ਸੈਟਟੀ ਥਾ ਲਕੜੀ ਦਾ ਛੋਟਾ ਜਿਹਾ ਟੁਕੜਾ ਵਰਤਿਆ ਜਾਂਦਾ ਹੈ।

4.3.4.5 **ਹੋਰ ਖੇਡਾਂ:** ਮੁੰਡਿਆਂ ਦੀਆਂ ਕਈ ਹੋਰ ਵੀ ਖੇਡਾਂ ਹਨ ਜਿਵੇਂ ਕਿ ਕਬੱਡੀ, ਰੱਸਾ ਕਸੀ ਸ਼ੱਦਰ ਭਿੰਜੀ, ਡੰਡ ਪਲਾਂਗੜਾ ਆਦਿ। ਇਹਨਾਂ ਸਾਰੀਆਂ ਖੇਡਾਂ ਵਿਚ ਆਪਣੇ ਆਪ ਨੂੰ ਬਲਵਾਨ ਬਣਾਨਾ ਅਤੇ ਦਰਸਾਉਣ ਦੀ ਮਾਨਸਿਕਤਾ ਹੀ ਪ੍ਰਮੁੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ।

4.3.5 **ਕੁੜੀਆਂ ਦੀਆਂ ਖੇਡਾਂ:** ਗੁੱਡੀ ਪਟੋਲੇ, ਗੀਟੇ, ਥਾਲ, ਸ਼ਟਾਪੂ, ਭੰਡਾ ਭੰਡਾਰੀਆਂ, ਸਮੁੰਦਰ ਮੱਛੀ, ਕਾਟੋ, ਪੰਘੂੜਾ, ਪਰੀਆਂ, ਅੱਡੀ ਛੜੱਪਾ ਅਦਿ ਖੇਡਾਂ ਕੁੜੀਆਂ ਦੀਆਂ ਖੇਡਾਂ ਵਿਚੋਂ ਪ੍ਰਮੁੱਖ ਹਨ। ਇਹਨਾਂ ਵਿਚੋਂ ਸਰੀਰਕ ਬਲ ਦਾ ਪ੍ਰਯੋਗ ਕਿਸੇ ਵਿਖਾਵੇ ਲਈ ਨਹੀਂ ਹੁੰਦਾ। ਇਹ ਕੇਵਲ ਮਨ ਪਰਚਾਵੇ ਦਾ ਸਾਧਨ ਹੀ ਨਹੀਂ ਹੁੰਦੀਆਂ ਸਗੋਂ ਇਹਨਾਂ ਰਾਹੀਂ ਪੰਜਾਬੀ ਸਮਾਜ ਵਿਚ ਮਰਦ ਔਰਤ ਦੀ ਸਥਿਤੀ, ਪਰਿਵਾਰ ਸੰਸਥਾ, ਰਿਸ਼ਤਾ ਨਾਤਾ ਪ੍ਰਣਾਲੀ, ਨੈਤਿਕ ਕਦਰਾਂ ਕੀਮਤਾਂ, ਰੀਤੀ ਰਿਵਾਜ਼, ਲੋਕ ਵਿਸ਼ਵਾਸ ਆਦਿ ਦੀ ਝਲਕ ਵੇਖੀ ਜਾ ਸਕਦੀ ਹੈ। ਕੁਝ ਪ੍ਰਮੁੱਖ ਖੇਡਾਂ ਇਵੇਂ ਹਨ:

4.3.5.1 **(ੳ) ਥਾਲ:** ਇਹ ਖੇਡ ਗੀਤ ਆਧਾਰਿਤ ਹੈ। ਘਟੋ ਘੱਟ ਦੋ ਕੁੜੀਆਂ ਜਾਂ ਸੱਤ ਅੱਠ ਕੁੜੀਆ ਇਹ ਖੇਡ ਖੇਡ ਸਕਦੀਆਂ ਹਨ। ਦੋ ਧਿਰਾਂ ਵੀ ਬਣਾਈਆਂ ਜਾ ਸਕਦੀਆਂ ਹਨ। ਜ਼ਮੀਨ ਉਤੇ 2½ ਫੁੱਟ ਦਾ ਦਾਇਰਾ ਬਣਾਲਿਆ ਜਾਂਦਾ ਹੈ।ਵਾਰੀ ਲੈਣ ਵਾਲੀ ਲੜਕੀ ਗੇਂਦ ਨੂੰ ਹੱਥ ਨਾਲ ਦਾ ਇਰੇ ਵਿਚ ਪਟਕਾਂਦੀ ਹੈ ਅਤੇ ਧਿਆਨ ਰੱਖਦੀ ਹੈ ਕਿ ਗੇਟ ਸੀਮਿਤ ਦਾਇਰੇ ਵਿਚ ਹੀ ਰਹੇ। ਨਾਲ ਲਾਲ ਗੀਤ ਗਾਈ ਜਾਂਦੀ ਹੈ। ਜੇਕਰ ਗੀਤ ਖ਼ਤਮ ਹੋ ਜਾਵੇ ਅਤੇ ਗੇਂਦ ਦਾਇਰੇ ਤੋਂ ਬਾਹਰ ਨਾ ਜਾਵੇ ਤਾਂ ਥਾਲ ਹੋਇਆ ਮੰਨਿਆ ਜਾਂਦਾ ਹੈ।

4.3.5.2 **ਪੰਘੂੜਾ:** ਘਟੋ ਘੱਟ ਚਾਰ ਅਤੇ ਵੱਧ ਤੋਂ ਵੱਧ ਅੱਠ ਕੁੜੀਆਂ ਖੇਡਦੀਆਂ ਹਨ। ਟੋਟੇ ਦੀਆਂ ਜੋੜੀਆਂ ਬਣਾਕੇ ਭਾਰ ਪਿੱਛੇ ਨੂੰ ਪਾ ਕੇ ਨਾਲੋ ਨਾਲ ਗੀਤ ਗਾਂਦੀਆਂ ਹਨ ਅਤੇ ਘੁੰਮਦੀਆਂ ਘੁੰਮਦੀਆਂ ਪੰਘੂੜੇ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ।

4.3.5.3 **ਰਾਜੇ ਦੀ ਬੱਕਰੀ:** ਅਕਸਰ ਛੋਟੀ ਉਮਰ ਦੇ ਮੁੰਡੇ ਕੁੜੀਆਂ ਖੇਡਦੇ ਹਨ। ਵਾਰੀ ਦੇਣ ਵਾਲਾ ਬੱਚਾ ਰਾਜੇ ਦਾ ਨੌਕਰ ਬਣਦਾ ਹੈ। ਬਾਕੀ ਬੱਚੇ ਕਿਸੇ ਤਕੜੇ ਬੱਚੇ ਦੇ ਪਿਛੇ ਇਕ ਦੂਜੇ ਦੇ ਲੋਕ ਨੂੰ ਹੱਥ ਪਾ ਕੇ ਖੜੇ ਹੋ ਜਾਂਦੇ ਹਨ। ਨੌਕਰ ਬਣਿਆ ਹੋਇਆ ਬੱਚਾ ਗਾਉਂਦਾ ਹੈ। ਰਾਜੇ ਮੰਗੀ ਬਕਰੀ ਮੈ ਬਕਰੀ ਲਿਜਾਣੀ ਹੈ ਅਤੇ ਤਕੜਾ ਬੱਚਾ ਅਗੋਂ ਕਹਿੰਦਾ ਹੈ ਇਕ ਮੇਰੀ ਬੱਕਰੀ, ਮੈਂ ਕਿਲੇ ਤੇ ਬਿਠਾਣੀ ਹੈ। ਕਹਿ ਕੇ ਆਪਣੇ ਪਿੱਛੇ ਖੜੇ ਬੱਚਿਆ ਨੂੰ ਉਸ ਦੀ ਛੋਹ ਤੋਂ ਬਚਾਣ ਦਾ ਯਤਨ ਕਰਦਾ ਹੈ।

**4.3.6. ਛੋਟੇ ਬੱਚਿਆਂ ਬਜ਼ੁਰਗਾਂ ਦੀਆਂ ਹੋਰ ਖੇਡਾਂ**

ਉਪਰੋਕਤ ਤੋਂ ਇਲਾਵਾ ਘਰ ਮੱਲਣ, ਰੰਗ ਮਲਣ ਊਚ-ਨੀਚ, ਬੁੱਢੀ ਮਾਈ, ਬਿੱਲੀ ਮਾਸੀ, ਕਾਟੋ ਪਰੀਆਂ ਆਦਿ ਬੱਚਿਆਂ ਦੀਆਂ ਖੇਡਾਂ ਹਨ, ਚੌਪੜ, ਸ਼ਤਰੰਜ, ਖੱਡਾ, ਬਾਰਾਂ ਟਹਿਣੀ, ਖੂਹ ਆਦਿ ਕੁਝ ਖੇਡਾਂ ਬਜ਼ੁਰਗਾਂ ਲਈ ਵੀ ਹਨ।

### 4.3.7. ਖੇਡਾਂ ਦਾ ਸਰੂਪ ਨਿਰਧਾਰਣ

ਕਿਸੇ ਵੀ ਦੇਸ਼ ਦੀਆਂ ਪਦਾਰਥਕ, ਭੂਗੋਲਿਕ, ਸਮਾਜਕ ਪਰਿਸਥਤੀਆਂ ਉਥੋਂ ਦੀਆਂ ਲੋਕ ਖੇਡਾਂ ਦੇ ਸਰੂਪ ਨੂੰ ਨਿਰਧਾਰਤ ਕਰਦੀਆਂ ਹਨ। ਪੰਜਾਬ ਦਾ ਆਰਥਿਕਤਾ ਮੂਲ ਰੂਪ ਵਿਚ ਕਿਰਸਾਣੀ ਉਤੇ ਨਿਰਭਰ ਸੀ। ਜਿਸ ਕਰਕੇ ਇਥੋਂ ਦੇ ਲੋਕਾਂ ਦਾ ਰਹਿਣ ਸਹਿਣ ਸਾਦਾ ਸੀ। ਨਿਤ ਦੇ ਹਮਲੇ ਵੀ ਪੰਜਾਬ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰਦੇ ਸਨ। ਇਸ ਲਈ ਇਥੋ ਦੀਆਂ ਬਹੁਤੀਆਂ ਲੋਕ ਖੇਡਾਂ ਵਿਚ ਕੋਈ ਵੀ ਵਿਸ਼ੇਸ਼ ਸਾਮਗਰੀ ਲੋੜੀਂਦੀ ਨਹੀਂ ਹੁੰਦੀ। ਕਈ ਖੇਡਾਂ ਵਿਚ ਤਾਂ ਕਿਸੇ ਵੀ ਕਿਸਮ ਦੀ ਕੋਈ ਵੀ ਸਾਮਗਰੀ ਨਹੀਂ ਚਾਹੀਦੀ ਹੁੰਦੀ।

ਪੰਜਾਬੀ ਸਮਾਜ ਮਰਦ ਪ੍ਰਧਾਨ ਹੈ। ਇਹ ਪ੍ਰਵਿਰਤੀ ਇਥੋਂ ਦੀਆਂ ਲੋਕ ਖੇਡਾ ਵਿਚ ਵੀ ਝਲਕਦੀ ਹੈ। ਅਜੋਕੇ ਸਾਮਜ ਵਿਚ ਸ਼ਹਿਰੀਕਰਣ ਦੀ ਰੁਚੀ ਪ੍ਰਧਾਨ ਹੈ। ਜਿਸ ਕਰਕੇ ਇਹਨਾਂ ਖੇਡਾਂ ਦਾ ਸਰੂਪ ਵੀ ਕੁਝ ਬਦਲ ਗਿਆ ਹੈ। ਖੇਡਾਂ ਮਨੁੱਖ ਦੀ ਜ਼ਿੰਦਗੀ ਦਾ ਇਕ ਅਤਿਅੰਤ ਜ਼ਰੂਰੀ ਹਿੱਸਾ ਹਨ। ਇਸ ਲਈ ਇਹਨਾਂ ਨੂੰ ਜੀਵਨ ਵਿਚੋਂ ਮਨਾਫ਼ੀ ਨਹੀਂ ਕੀਤਾ ਜਾ ਸਕਦਾ।

### 4.3.8. ਪੰਜਾਬ ਦੀਆਂ ਲੋਕ ਖੇਡਾਂ ਦਾ ਵਿਸ਼ੈ ਵਸਤੂ

ਇਹ ਲੇਖ ਡਾ. ਹਰਜੀਤ ਕੌਰ ਦਾ ਲਿਖਿਆ ਹੋਇਆ ਹੈ। ਇਸ ਲੇਖ ਦਾ ਮੂਲ ਸਰੋਕਾਰ ਸਾਨੂੰ ਪੰਜਾਬ ਦੀਆਂ ਲੋਕ ਖੇਡਾਂ ਅਤੇ ਉਹਨਾਂ ਦੇ ਜੀਵਨ ਵਿਸਲੇਸਣਾਤਮਕ ਤੌਂ ਜਾਣੂ ਕਰਾਣਾ ਹੈ। ਖੇਡ ਮਨੁੱਖੀ ਜੀਵਨ ਦਾ ਇਕ ਅਤਿਅੰਤ ਮਹੱਤਵਪੂਰਣ ਹਿੱਸਾ ਹੈ। ਇਸ ਦਾ ਇਹ ਮਹੱਤਵ ਬਹੁਪੱਖੀ ਹੈ। ਇਹ ਮਨੁੱਖ ਦੀ ਸਰੀਰਕ ਸ਼ਕਤੀ ਅਤੇ ਬੌਧਿਕ ਸ਼ਕਤੀ ਦਾ ਵਿਕਾਸ ਕਰਨ ਦੇ ਨਾਲ ਨਾਲ ਮਨੋਰੰਜਨ ਵੀ ਕਰਦਾ ਹੈ। ਇਹਨਾਂ ਲੋਕ ਖੇਡਾਂ ਦਾ ਸੰਬੰਧ ਮਨੁੱਖੀ ਜੀਵਨ ਦੀ ਹਰ ਅਵਸਥਾ ਨਾਲ ਹੈ। ਬੱਚੇ, ਜਵਾਨਾਂ, ਅਤੇ ਬਜ਼ੁਰਗਾਂ ਸਾਰਿਆ ਲਈ ਹੀ ਕੋਈ ਨਾ ਕੋਈ ਖੇਡ ਜਰੂਰ ਹੁੰਦੀ ਹੈ। ਬੱਚਿਆਂ ਲਈ ਛੂਹਣ ਛੁਹਾਈ, ਪਿੱਠੂ, ਲੁਕਣ ਮੀਚੀ ਆਦਿ ਖੇਡਾਂ ਹਨ ਜੋ ਛੋਟੀ ਉਮਰ ਦੇ ਮੁੰਡੇ/ਕੁੜੀਆਂ ਇੱਕਠੇ ਵੀ ਖੇਡਦੇ ਹਨ ਅਤੇ ਅਲੱਗ ਅਲੱਗ ਵੀ ਵੱਡੇ ਮੁੰਡਿਆਂ ਦੀਆਂ ਖੇਡਾਂ ਅਜਿਹੀਆਂ ਹੁੰਦੀਆਂ ਹਨ ਜਿਹਨਾਂ ਰਾਹੀਂ ਸਰੀਰਕ ਸ਼ਕਤੀ ਦਾ ਪ੍ਰਗਟਾਵਾ ਹੀ ਨਹੀਂ ਹੁੰਦਾ ਸਗੋਂ ਵਾਧਾ ਵੀ ਹੁੰਦਾ ਹੈ। ਲੇਖਕ ਨੇ ਮੁੰਡਿਆਂ ਦੀਆਂ ਕੁਝ ਖੇਡਾਂ ਜਿਵੇਂ ਕਿ ਬਾਂਦਰ ਕਿੱਲਾ, ਖਾਨ ਘੋੜੀ, ਰੱਬ ਦੀ ਖੁੱਤੀ, ਢਕੁਲੀ ਦਾ ਵਰਣਨ ਕਰਕੇ ਇਹਨਾਂ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਮੁੰਡਿਆਂ ਦੀਆਂ ਖੇਡਾਂ ਖੁੱਲੇ ਮੈਦਾਨਾਂ ਵਿਚ ਹੁੰਦੀਆਂ ਹਨ ਜਦੋਂ ਕਿ ਕੁੜੀਆਂ ਦੀਆਂ ਖੇਡਾਂ ਤਕਰੀਬਨ ਘਰ ਵਿਚ ਵੀ ਹੁੰਦੀਆਂ ਹਨ ਅਤੇ ਇਹਨਾਂ ਲਈ ਬਹੁਤੇ ਸਰੀਰਕ ਬੱਲ ਦੀ ਵੀ ਲੋੜ ਨਹੀਂ ਹੁੰਦੀ ਕੁੜੀਆਂ ਦੀਆਂ ਖੇਡਾਂ ਨਾਲ ਕਈ ਵਾਰੀ ਗੀਤ ਵੀ ਜੁੜਿਆ ਹੁੰਦਾ ਹੈ। ਲੇਖਿਕਾ ਨੇ ਥਾਲ, ਰਾਜੇ ਦੀ ਬੱਕਰੀ, ਪੰਘੂੜਾ ਆਦਿ ਦਾ ਵਿਸਤ੍ਰਿਤ ਵਰਣਨ ਕਰਕੇ ਕੁੜੀਆਂ ਦੀਆਂ ਖੇਡਾਂ ਦੀ ਪ੍ਰਕਿਰਤੀ ਤੌਂ ਜਾਣੂ ਕਰਵਾਇਆ ਹੈ। ਵੱਡਿਆਂ ਦੀਆਂ ਖੇਡਾਂ ਸ਼ਤਰੰਜ, ਬਾਰਾਂ ਬੀਟੀ ਖੱਡਾ, ਖੂਹ ਆਦਿ ਹੁੰਦੀਆਂ ਹਨ। ਲੇ ਖਿਕਾ ਨੇ ਵੀ ਇਹ ਵੀ ਦੱਸਿਆ ਹੈ ਕਿ ਹੁਣ ਸਮਾਜਕ ਬਣਤਰ ਵਿਚ ਵੀ ਤਬਦੀਲੀ ਅਤੇ ਸ਼ਹਿਰੀ ਕਰਣ ਕਰਕੇ ਪੁਰਾਤਨ ਖੇਡਾਂ ਵਿਚ ਕੁਝ ਕਮੀ ਆਈ ਹੈ। ਪਰੰਤੂ ਇਹਨਾਂ ਨੂੰ ਕਿਸੇ ਵੀ ਸਭਿਆਚਾਰ ਵਿਚੋਂ ਪੂਰੀ ਤਰ੍ਹਾ ਮਨਫੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਖੇਡਾਂ ਸਾਡੇ ਨਾਲ ਜੀਵਨ ਦਾ ਇਕ ਮਹੱਤਵਪੂਰਨ ਅੰਗ ਹਨ।

ਪਾਠ ਨੰ: **1.5** – ਡਾ. ਮਾਨ ਸਿੰਘ ਢੀਂਡਸਾ

## ਸਰਲ ਅੰਗਰੇਜ਼ੀ ਪੈਰ੍ਹੇ ਦਾ ਸਰਲ ਪੰਜਾਬੀ ਵਿੱਚ ਅਨੁਵਾਦ

ਪਿਆਰੇ ਵਿਦਿਆਰਥੀ,

ਇਹ ਪਾਠ ਅਨੁਵਾਦ, ਉਲਥਾ ਜਾਂ ਟਰਾਂਸਲੇਸ਼ਨ ਨਾਲ ਸੰਬੰਧਤ ਹੈ। ਤੁਹਾਡੇ ਸਿਲੇਬਸ ਅਨੁਸਾਰ ਪੇਪਰ ਵਿੱਚ ਦਸ ਨੰਬਰ ਦਾ ਇਕ ਅੰਗਰੇਜ਼ੀ ਦਾ ਪੈਰ੍ਹਾ ਆਉਣਾ ਹੈ ਜਿਸ ਦਾ ਤੁਸੀਂ ਪੰਜਾਬੀ ਵਿੱਚ ਅਨੁਵਾਦ ਕਰਨਾ ਹੈ। ਇਸ ਲਈ ਪਾਠ ਦੇ ਆਰੰਭ ਵਿਚ ਅਨੁਵਾਦ ਕਰਨ ਲਈ ਜ਼ਰੂਰੀ ਨੁਕਤੇ ਦੱਸੇ ਗਏ ਹਨ। ਇਨ੍ਹਾਂ ਨੁਕਤਿਆਂ ਨੂੰ ਸਮਝਣ ਨਾਲ ਅਨੁਵਾਦ ਕਰਨ ਲਈ ਮੁਹਾਰਤ ਪ੍ਰਾਪਤ ਹੁੰਦੀ ਹੈ। ਅਗਲਾ ਪਾਠ ਲੇਖ ਨਾਲ ਸੰਬੰਧਤ ਹੈ। ਤੁਹਾਡੇ ਸਿਲੇਬਸ ਮੁਤਾਬਕ ਪੰਜ ਸੌ ਸ਼ਬਦਾਂ ਦਾ ਇਕ ਸੰਖੇਪ ਲੇਖ ਵੀਹ ਨੰਬਰਾਂ (ਬੀ.ਕਾਮ. ਲਈ ਦਸ ਨੰਬਰ) ਦਾ ਪੇਪਰ ਵਿੱਚ ਆਉਣਾ ਹੈ। ਤਿੰਨ ਵਿਸ਼ਿਆਂ ਵਿੱਚੋਂ ਕਿਸੇ ਇਕ ਉੱਤੇ ਲੇਖ ਲਿਖਣ ਲਈ ਕਿਹਾ ਜਾਵੇਗਾ। ਆਮ ਲੇਖ ਨਾਲੋਂ ਸੰਖੇਪ ਰੂਪ ਵਿੱਚ ਲੇਖ ਲਿਖਣਾ ਔਖਾ ਕਾਰਜ ਹੈ। ਸੰਖੇਪ ਲੇਖ ਵਿੱਚ ਵਾਰਤਕ ਦੇ ਨਿਯਮਾਂ ਦਾ ਸੂਖ਼ਮਤਾ ਤੇ ਸਤਰਕ ਹੋ ਕੇ ਉਪਯੋਗ ਕਰਨਾ ਹੁੰਦਾ ਹੈ। ਇਸ ਵਿੱਚ ਪ੍ਰਬੀਨਤਾ ਅਭਿਆਸ ਰਾਹੀਂ ਆਉਂਦੀ ਹੈ। ਇਸ ਸੰਬੰਧੀ ਵੀ ਵਿਸਥਾਰ ਪੂਰਵਕ ਜਾਣਕਾਰੀ ਇਸ ਪਾਠ ਵਿੱਚ ਦਿੱਤੀ ਗਈ ਹੈ।

### ਅਨੁਵਾਦ ਦੀ ਕਲਾ

ਅਨੁਵਾਦ ਵੀ ਇਕ ਕਲਾ ਹੈ ਜੋ ਕਾਫ਼ੀ ਜਟਿਲ ਹੈ। ਇਹ ਕੋਈ ਸਾਧਾਰਨ ਕਾਰਜ ਨਹੀਂ। ਆਮ ਤੌਰ 'ਤੇ ਸਮਝ ਲਿਆ ਜਾਂਦਾ ਹੈ ਕਿ ਇਕ ਭਾਸ਼ਾ ਤੋਂ ਦੂਜੀ ਵਿੱਚ ਅਨੁਵਾਦ ਸ਼ਬਦਾਂ ਜਾਂ ਮੁਹਾਵਰਿਆਂ ਦਾ ਸਿੱਧਾ ਉਲਥਾ ਹੁੰਦਾ ਹੈ। ਪਰ ਅਨੁਵਾਦ ਭਾਸ਼ਾ ਦੀ ਸਾਧਾਰਨ ਸਮਝ ਨਾਲ ਨਹੀਂ ਆਉਂਦਾ ਸਗੋਂ ਇਸ ਦੀ ਲਗਾਤਾਰ ਕੋਸ਼ਿਸ਼ ਕਰਨੀ ਪੈਂਦੀ ਹੈ। ਹਰ ਰੋਜ਼ ਲਗਾਤਾਰ ਅਭਿਆਸ ਕਰਨ ਨਾਲ ਅਨੁਵਾਦ ਕਰਨ ਵਿੱਚ ਮੁਹਾਰਤ ਹਾਸਲ ਹੁੰਦੀ ਹੈ। ਅਨੁਵਾਦ ਲਈ ਸਾਨੂੰ ਕੇਵਲ ਸ਼ਬਦਾਂ ਤੇ ਮੁਹਾਵਰਿਆਂ ਦੇ ਅਰਥ ਹੀ ਨਹੀਂ ਕਰਨੇ ਹੁੰਦੇ ਬਲਕਿ ਸਮੁੱਚੇ ਪੈਰ੍ਹੇ ਜਾਂ ਰਚਨਾ ਦੇ ਮੂਲ ਵਿਚਾਰ ਨੂੰ ਸਮਝਣਾ ਪੈਂਦਾ ਹੈ। ਇਹ ਅਨੁਵਾਦ ਵੀ ਓਨਾ ਹੀ ਸਪਸ਼ਟ ਤੇ ਤੀਖਣ ਹੋਣਾ ਚਾਹੀਦਾ ਹੈ ਜਿੰਨਾ ਮੂਲ ਭਾਸ਼ਾ ਵਿੱਚ ਹੁੰਦਾ ਹੈ।

ਅਨੁਵਾਦ ਕਰਤਾ ਨੂੰ ਦੋਵੇਂ ਭਾਸ਼ਾਵਾਂ ਦੀ ਡੂੰਘੀ ਜਾਣਕਾਰੀ ਹੋਣੀ ਚਾਹੀਦੀ ਹੈ। ਹਰ ਭਾਸ਼ਾ ਦਾ ਆਪੋ ਆਪਣਾ ਸਾਂਸਕ੍ਰਿਤਕ ਪਿਛੋਕੜ ਹੁੰਦਾ ਹੈ ਜੋ ਦੂਸਰੀ ਭਾਸ਼ਾ ਨਾਲੋਂ ਭਿੰਨਤਾ ਰੱਖਦਾ ਹੈ। ਇਸ ਲਈ ਅਨੁਵਾਦ ਦਾ ਕੰਮ ਕਾਫ਼ੀ ਜਟਿਲ ਹੋ ਜਾਂਦਾ ਹੈ। ਇਸ ਵਿੱਚ ਸ਼ਬਦਾਂ ਤੋਂ ਸ਼ਬਦਾਂ ਤੱਕ ਦੇ ਅਰਥ ਸੰਭਵ ਨਹੀਂ। ਆਮ ਘੱਟ ਗਿਆਨਵਾਨ ਵਿਅਕਤੀ Snow ਤੇ Ice ਨੂੰ ਸਮਾਨ ਅਰਥਾਂ ਵਿੱਚ ਵਰਤ ਲਵੇਗਾ ਤੇ ਪੰਜਾਬੀ ਦਾ ਘੱਟ ਜਾਣਕਾਰੀ 'ਮੀਂਹ' ਤੇ 'ਕਿਣਮਿਣ ਕਣੀ' ਦੇ ਵੀ ਇਕੋ ਅਰਥ ਕਰੇਗਾ। ਸ਼ਬਦਾਂ ਦੇ ਅਰਥਾਂ ਵਿੱਚ ਸੂਖ਼ਮ ਭਿੰਨਤਾ ਹੁੰਦੀ ਹੈ। ਅਨੁਵਾਦ ਕਰਤਾ ਨੂੰ ਇਹ ਭਿੰਨਤਾ ਜਾਣਨੀ ਜ਼ਰੂਰੀ ਹੈ।

ਅਨੁਵਾਦਕ ਲਈ ਸਮੱਸਿਆ ਇਹ ਹੈ ਕਿ ਉਸ ਨੇ ਇਕ ਭਾਸ਼ਾ ਦਾ ਵਿਚਾਰ ਦੂਜੀ ਭਾਸ਼ਾ ਦੇ ਸ਼ਬਦਾਂ ਵਿੱਚ ਵਿਅਕਤ ਕਰਨਾ ਹੁੰਦਾ ਹੈ। ਹਰ ਭਾਸ਼ਾ ਵਿੱਚ ਹਰੇਕ ਵਿਚਾਰ ਲਈ ਇਕ ਖ਼ਾਸ ਸ਼ਬਦ ਹੁੰਦਾ ਹੈ। ਅਨੁਵਾਦਕ ਲਈ ਪਹਿਲੀ ਲਾਜ਼ਮੀ ਗੱਲ ਅੰਗਰੇਜ਼ੀ ਸ਼ਬਦਾਂ ਦੇ ਅਰਥ ਦੀ ਦਰੁਸਤ ਧੁਨੀ ਨੂੰ ਪਕੜਨਾ ਹੈ ਫੇਰ ਉਸ ਧੁਨੀ ਨੂੰ ਪ੍ਰਗਟਾਉਣ ਵਾਲਾ ਸਮਾਨਾਰਥਕ ਸ਼ਬਦ ਅਨੁਵਾਦ ਵਾਲੀ ਭਾਸ਼ਾ ਵਿੱਚ ਢੂੰਡਣਾ ਜ਼ਰੂਰੀ ਹੈ। ਇਸੇ ਪ੍ਰਕਾਰ ਹਰ ਭਾਸ਼ਾ ਦੇ ਮੁਹਾਵਰਿਆਂ ਦਾ ਵੀ ਵਿਸ਼ੇਸ਼ ਸਰੂਪ ਤੇ ਪ੍ਰਕਿਰਤੀ ਹੁੰਦੀ ਹੈ। ਉਨ੍ਹਾਂ ਦਾ ਦੂਜੀ ਭਾਸ਼ਾ ਵਿੱਚ ਸਮਾਨਾਰਥਕ ਮੁਹਾਵਰਾ ਲੱਭਣਾ ਕਾਫ਼ੀ ਔਖਾ ਹੈ। ਉਹ ਵਿਅਕਤੀ ਹੀ ਠੀਕ ਮੁਹਾਵਰਾ ਢੂੰਡ ਸਕਦਾ ਹੈ ਜੋ ਦੋਹਾਂ ਭਾਸ਼ਾਵਾਂ ਦਾ ਗਿਆਨੀ ਹੋਵੇ। ਵਧੀਆ ਅਨੁਵਾਦਕ ਨੂੰ ਦੋਹਾਂ ਭਾਸ਼ਾਵਾਂ ਦੀ ਵਿਆਕਰਨ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਅਨੁਵਾਦਕ ਲਈ ਤਿੰਨ ਗੱਲਾਂ ਬਹੁਤ ਜ਼ਰੂਰੀ ਹਨ : ਪਹਿਲੀ, ਦੋਵੇਂ ਭਾਸ਼ਾਵਾਂ ਦਾ ਸ਼ਬਦ ਗਿਆਨ, ਦੂਜਾ ਦੋਹਾਂ ਭਾਸ਼ਾਵਾਂ ਦੀ ਵਿਆਕਰਨ, ਤੀਜਾ ਦੋਹਾਂ

ਭਾਸ਼ਾਵਾਂ ਦੇ ਮੁਹਾਵਰੇ ਤੇ ਅਖਾਣ। ਇਸ ਗੱਲ ਵਿੱਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਵਿਆਕਰਨ ਦਾ ਗਿਆਨ ਅਨੁਵਾਦਕ ਲਈ ਬਹੁਤ ਜ਼ਰੂਰੀ ਹੈ, ਪਰ ਵਿਆਕਰਨ ਦਾ ਗਿਆਨ ਇਕ ਸਾਧਨ ਹੈ, ਮੂਲ ਮੰਤਵ ਨਹੀਂ।

ਅਨੁਵਾਦਕ ਬਣਨ ਲਈ ਜਾਂ ਅਭਿਆਸ ਲਈ ਇਕ ਕਾਪੀ ਲਾ ਲੈਣੀ ਚਾਹੀਦੀ ਹੈ ਜਿਸ ਵਿੱਚ ਇਕ ਪਾਸੇ, ਇਕ ਭਾਸ਼ਾ ਦੇ ਮੁਹਾਵਰੇ ਤੇ ਅਖਾਣਾਂ ਲਿਖ ਲੈਣੀਆਂ ਚਾਹੀਦੀਆਂ ਹਨ ਤੇ ਦੂਜੇ ਪਾਸੇ ਉਨ੍ਹਾਂ ਦੇ ਦੂਜੀ ਭਾਸ਼ਾ ਦੇ ਸਮਾਨਾਰਥਕ ਮੁਹਾਵਰੇ ਤੇ ਅਖਾਣਾਂ ਲਿਖਣੀਆਂ ਚਾਹੀਦੀਆਂ ਹਨ। ਅਜਿਹਾ ਕੋਈ ਵਿਅਕਤੀ ਤਾਂ ਹੀ ਕਰ ਸਕਦਾ ਹੈ ਜੇਕਰ ਉਹ ਵਧੀਆ ਪਾਠਕ ਹੋਵੇਗਾ। ਵਧੀਆ ਅਨੁਵਾਦਕ ਹੋਣ ਲਈ ਵਧੀਆ ਪਾਠਕ ਹੋਣਾ ਬਹੁਤ ਜ਼ਰੂਰੀ ਹੈ। ਕਿਸੇ ਵੀ ਭਾਸ਼ਾ ਦੀਆਂ ਟਕਸਾਲੀ ਰਚਨਾਵਾਂ ਪੜ੍ਹਨ ਨਾਲ ਵਿਅਕਤੀ ਭਾਸ਼ਾ ਦੇ ਅਨੇਕ ਸ਼ਬਦ ਤੇ ਮੁਹਾਵਰੇ ਗ੍ਰਹਿਣ ਕਰਦਾ ਹੈ। ਅਨੁਵਾਦਕ ਲਈ ਸ਼ਬਦਾਂ ਤੇ ਮੁਹਾਵਰਿਆਂ ਦਾ ਗਿਆਨ ਬਹੁਤ ਜ਼ਰੂਰੀ ਹੈ।

## ਅਨੁਵਾਦ ਕਰਨ ਲਈ ਕੁਝ ਜ਼ਰੂਰੀ ਨੁਕਤੇ

1. ਅਨੁਵਾਦ ਲਈ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਉਸ ਪੈਰ੍ਹੇ ਦਾ ਭਾਵ ਅਰਥ ਗ੍ਰਹਿਣ ਕਰਨ ਦਾ ਯਤਨ ਕਰੋ। ਸ਼ਬਦਾਂ ਦੇ ਕਈ ਕਈ ਅਰਥ ਹੁੰਦੇ ਹਨ। ਅਨੁਵਾਦਕ ਨੇ ਇਹ ਸਮਝਣਾ ਹੁੰਦਾ ਹੈ ਕਿ ਅਨੁਵਾਦ ਕੀਤੇ ਜਾਣ ਵਾਲਾ ਸ਼ਬਦ ਕਿਸੇ ਪਰਿਪੇਖ/ਪ੍ਰਸੰਗ ਵਿੱਚ ਵਰਤਿਆ ਗਿਆ ਹੈ। ਸ਼ਬਦ ਦੇ ਅਰਥ ਕਿਸੇ ਵਿਸ਼ੇਸ਼ ਪਰਿਪੇਖ ਵਿੱਚ ਹੀ ਹੁੰਦੇ ਹਨ। ਇਸ ਲਈ ਪਰਿਪੇਖ ਨੂੰ ਸਮਝਣਾ ਅਤਿ ਆਵੱਸ਼ਕ ਹੈ।
2. ਅਨੁਵਾਦ ਕਰਨ ਸਮੇਂ ਸ਼ਬਦਾਂ ਅਤੇ ਅਖਾਣਾਂ ਦਾ ਅੰਧਾ-ਧੁੰਦ ਅਨੁਵਾਦ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਸ਼ਬਦ-ਦਰ-ਸ਼ਬਦ, ਮੁਹਾਵਰਾ-ਦਰ-ਮੁਹਾਵਰਾ ਹੀ ਅਨੁਵਾਦ ਕਰਨਾ ਹੁੰਦਾ ਹੈ ਬਲਕਿ ਸਮੁੱਚੇ ਭਾਵ ਅਰਥਾਂ ਨੂੰ ਸਮਝਕੇ ਦੂਜੀ ਭਾਸ਼ਾ ਵਿਚ ਉਲਥਾਉਣਾ ਹੁੰਦਾ ਹੈ।
3. ਅਨੁਵਾਦ ਕਰਨ ਸਮੇਂ ਜਿਸ ਭਾਸ਼ਾ ਵਿਚ ਅਨੁਵਾਦ ਕਰਨਾ ਹੈ ਉਸ ਭਾਸ਼ਾ ਦਾ ਸਮਾਨਾਰਥਕ ਸ਼ਬਦ ਖੋਜਣਾ ਜ਼ਰੂਰੀ ਹੈ। ਕਈ ਵਾਰ ਅਸੀਂ ਮਿਲਦਾ-ਜੁਲਦਾ ਸ਼ਬਦ ਵਰਤ ਲੈਂਦੇ ਹਾਂ ਜੋ ਅਰਥਾਂ ਦੀ ਥਾਂ 'ਤੇ ਅਨਰਥ ਕਰ ਦਿੰਦਾ ਹੈ।
4. ਕਈ ਵਾਰ ਜਿਸ ਭਾਸ਼ਾ ਵਿਚ ਅਨੁਵਾਦ ਕਰਨਾ ਹੁੰਦਾ ਹੈ, ਉਸ ਭਾਸ਼ਾ ਵਿਚ ਉਪਭਾਖਾ ਦੇ ਖਾਲਸ ਦੇਸੀ ਮੁਹਾਵਰੇ ਤੇ ਸ਼ਬਦ ਵਰਤੇ ਹੋਏ ਹੁੰਦੇ ਹਨ। ਇਨ੍ਹਾਂ ਸ਼ਬਦਾਂ ਤੇ ਮੁਹਾਵਰਿਆਂ ਦਾ ਸਮਾਨਾਰਥਕ ਖੋਜਣਾ ਕਠਿਨ ਕਾਰਜ ਹੁੰਦਾ ਹੈ। ਅਨੁਵਾਦ ਕੀਤੀ ਜਾਣ ਵਾਲੀ ਭਾਸ਼ਾ ਵਿਚ ਵੀ ਸਮਾਨਭਾਵੀ ਸ਼ਬਦ ਤੇ ਮੁਹਾਵਰੇ ਖੋਜਣੇ ਚਾਹੀਦੇ ਹੁੰਦੇ ਹਨ।
5. ਅਨੁਵਾਦ ਕਰਨ ਸਮੇਂ ਸਪਸ਼ਟ ਤੇ ਸੌਖੀ ਸ਼ਬਦਾਵਲੀ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਕਈ ਵਾਰ ਅਨੁਵਾਦਕ ਔਖੀ ਤੇ ਚਮਤਕਾਰੀ ਸ਼ਬਦਾਵਲੀ ਦੇ ਚੱਕਰ ਵਿਚ ਪੈ ਜਾਂਦਾ ਹੈ ਜਿਸ ਕਾਰਨ ਅਨੁਵਾਦ ਧੁੰਦਲਾ ਤੇ ਅਸਪਸ਼ਟ ਹੋ ਜਾਂਦਾ ਹੈ।
6. ਅਜਿਹਾ ਸ਼ਬਦ ਵਰਤੋਂ ਵਿਚ ਲਿਆਓ ਜਿਸ ਦੇ ਅਰਥ ਨਿਸ਼ਚਿਤ ਹੋਣ। ਬਹੁ-ਅਰਥੀ ਸ਼ਬਦਾਂ ਦੇ ਪ੍ਰਯੋਗ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।
7. ਅਨੁਵਾਦਕ ਨੂੰ ਅਜਿਹੇ ਸ਼ਬਦਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਜਿਹੜੇ ਪੁਸਤਕਾਂ ਵਿਚ ਪ੍ਰਚੱਲਿਤ ਹੋਣ। ਬਹੁਤ ਸਾਰੀ ਸ਼ਬਦਾਵਲੀ ਉਪ-ਭਾਖਾਵਾਂ ਨਾਲ ਸੰਬੰਧਤ ਹੁੰਦੀ ਹੈ ਜੋ ਠੇਠ ਹੋਣ ਦੇ ਬਾਵਜੂਦ ਪ੍ਰਚੱਲਿਤ ਨਹੀਂ ਹੁੰਦੀ। ਅਜਿਹੇ ਸ਼ਬਦਾਂ ਦਾ ਪ੍ਰਯੋਗ ਅਨੁਵਾਦ ਨੂੰ ਅਸਪੱਸ਼ਟ ਕਰਦਾ ਹੈ।
8. ਅਨੁਵਾਦ ਕਰਨ ਸਮੇਂ ਮੂਲ ਭਾਸ਼ਾ ਦੇ ਕਈ ਵਾਰ ਬਹੁਤ ਵੱਡੇ-ਵੱਡੇ ਵਾਕ ਹੁੰਦੇ ਹਨ ਜਿਨ੍ਹਾਂ ਨੂੰ ਅਨੁਵਾਦ ਕਰਨਾ ਮੁਸ਼ਕਲ ਹੁੰਦਾ ਹੈ। ਇਸ ਲਈ ਅਨੁਵਾਦ ਕਰਨ ਸਮੇਂ ਵਾਕ ਤੋੜ ਲੈਣੇ ਚਾਹੀਦੇ ਹਨ। ਅਨੁਵਾਦ ਦੀ ਭਾਸ਼ਾ ਦੇ ਛੋਟੇ-ਛੋਟੇ ਸਪੱਸ਼ਟ ਵਾਕ ਬਣਾਉਣੇ ਚਾਹੀਦੇ ਹਨ। ਅਜਿਹੇ ਕਰਦੇ ਸਮੇਂ ਇਕ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਮੂਲ ਵਾਕ ਦੇ ਅਰਥ ਪੂਰਨ ਰੂਪ ਵਿਚ ਪ੍ਰਗਟਾਏ ਗਏ ਹੋਣ।
9. ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਕਾਲ (Tense) ਠੀਕ ਵਰਤਿਆ ਗਿਆ ਹੈ। ਸਿੱਧੇ ਅਤੇ ਅਸਿੱਧੇ ਵਾਕਾਂ ਨੂੰ ਵੀ ਮੂਲ ਰੂਪ ਵਿਚ ਹੀ ਅਨੁਵਾਦ ਕਰਨਾ ਚਾਹੀਦਾ ਹੈ।

10. ਸਾਰਾ ਪੈਰ੍ਹਾ ਅਨੁਵਾਦ (Translation) ਕਰਨ ਉਪਰੰਤ ਦੁਬਾਰਾ ਪੜ੍ਹੋ। ਇਹ ਦੇਖਣ ਦੀ ਕੋਸ਼ਿਸ਼ ਕਰੋ ਕਿ ਇਹ ਪੈਰ੍ਹਾ ਟੁੱਟਵੇਂ ਅਰਥ ਤਾਂ ਨਹੀਂ ਦੇਂਦਾ ? ਕੀ ਇਸ ਦੇ ਅਰਥਾਂ ਵਿਚ ਇਕਸਾਰਤਾ ਹੈ ? ਜੇਕਰ ਅਜਿਹਾ ਨਹੀਂ ਹੈ ਤਾਂ ਇਸ ਨੂੰ ਦੁਬਾਰਾ ਠੀਕ ਕਰੋ। ਅਨੁਵਾਦ ਕੀਤਾ ਹੋਇਆ ਪੈਰ੍ਹਾ ਅਨੁਵਾਦਤ ਹੋਣ ਦੇ ਬਾਵਜੂਦ ਸਿਰਜਨਾਤਮਕ ਲੱਗਣਾ ਚਾਹੀਦਾ ਹੈ।
11. ਅਭਿਆਸ ਕਰਨ ਲਈ ਪਹਿਲਾਂ ਪੈਰ੍ਹੇ ਨੂੰ ਆਪਣੇ ਆਪ ਹੀ ਅਨੁਵਾਦ ਕਰੋ। ਪਿੱਛੋਂ ਪੈਰ੍ਹੇ ਦੇ ਸ਼ਬਦਾਂ ਨੂੰ ਡਿਕਸ਼ਨਰੀ ਵਿਚੋਂ ਚੈੱਕ ਕਰੋ। ਜਿਹੜੇ ਸ਼ਬਦ ਠੀਕ ਨਹੀਂ ਹਨ ਉਨ੍ਹਾਂ ਨੂੰ ਠੀਕ ਕਰੋ। ਅਨੁਵਾਦ ਲਈ ਡਿਕਸ਼ਨਰੀ ਦੀ ਵਰਤੋਂ ਬਹੁਤ ਮਹੱਤਵਪੂਰਨ ਹੈ।

## ਅਭਿਆਸ

ਹੇਠ ਲਿਖੇ ਪੈਰ੍ਹਿਆਂ ਦਾ ਪੰਜਾਬੀ ਵਿਚ ਅਨੁਵਾਦ ਕਰੋ :

(i) Science is both a friend and foe, it is a blessing as well as curse. It is an angle in peace but a devil in war. There is no doubt about it that it has brought us many comforts and has made our lives happier. But at the same time it has increased human sufferings. People today curse it. Modern war is the war of science. It is more dreadful destructive than the war of yesterday. It brings death, destruction and disease in its train. Ask the people of Hiroshima and Nagasakhi how cruel war is : They suffered terribly during the second world war.

(ii) Humour is like an ointment which heals the wounds of life. Life is not a bed of roses. A man has to face unumerable hardships in the path of life. Sufferings and obstacles overtake those persons who do not know to live, when once the harsh wife of Socrated abused him and poured water on his head he, humonously said, "I know that lightening is followed by rain." Hearing it his wife became tongue tied. Laughter is a tonic which changes man's grief into joy. Once Gandhiji said, "If I did not have a sense of humour, I would have committed suicide."

(iii) Student life is an important period in man's life. If we make a proper use of this period, we will enjoy comforts in the years to come. Most of the students do not take interest in acquiring education. Such students have to repent afterwards. Those students who understand the value of life, take interest in their studies from the very beginning. Good students try to grasp everything. On the contrary, weak students find it difficult to understand anything. This is the main difference between the intelligent students and the weak one. If the weak students start reading with a little courage and concentration at school and at home they may certainly become good students.

(iv) India must pursue rural development and animal husbandry policies to address local communities need to find affordable cattle fodder and grazing. To avoid destruction of local forest cover, fodder must reach these communities on reliable roads and other infrastructure, in all seasons year round. The Forest Rights Bill is likely to be harmful to forest conservation and ecological security. The Forest Rights Bill became a law since 2007. The Government should work closely with mining companies. Revenue generated from lease of mines must be pooled into a dedicated fund to conserve and improve the quality of forests in the region where the mines are located.

ਆਪਣੀ ਵਿੱਦਿਆ ਦੇ ਨਾਲ ਨਾਲ ਰਾਜਨੀਤੀ ਬਾਰੇ ਡੂੰਘਾ ਅਧਿਐਨ ਕਰਨ ਤੇ ਰਾਜਨੀਤੀ ਨੂੰ ਸੇਧ ਦੇਣ। ਹਰ ਤਰ੍ਹਾਂ ਦੇ ਰਾਜਨੀਤਕ ਢਾਂਚਿਆਂ ਦੇ ਅਸੂਲਾਂ ਤੇ ਆਦਰਸ਼ ਨੂੰ ਵਾਚਣ, ਆਪਣੇ ਦੇਸ਼ ਦੀਆਂ ਵਿਸ਼ੇਸ਼ ਲੋੜਾਂ ਵੇਖਣ ਅਤੇ ਉਸ ਮੁਤਾਬਕ ਆਪਣੇ ਦੇਸ਼ ਦੀ ਰਾਜਨੀਤੀ ਨੂੰ ਢਾਲਣ ਦਾ ਯਤਨ ਕਰਨ। ਵਿਦਿਆਰਥੀ ਦੇਸ਼ ਦੀ ਰਾਜਨੀਤੀ ਵਿਚ ਜ਼ਿੰਮੇਦਾਰੀ ਨਾਲ ਹਿੱਸਾ ਲੈ ਕੇ ਦੇਸ਼ ਦੀ ਨਿੱਗਰ ਸੇਵਾ ਕਰ ਸਕਦੇ ਹਨ।

ਅੱਜ ਦੇ ਵਿਦਿਆਰਥੀਆਂ ਨੇ ਹੀ ਕੱਲ੍ਹ ਦੇ ਨੇਤਾ ਬਣਨਾ ਹੈ। ਇਸ ਲਈ ਵਿਦਿਆਰਥੀਆਂ ਲਈ ਇਹ ਜ਼ਰੂਰੀ ਹੈ ਕਿ ਉਹ ਵਿੱਦਿਆ ਨੂੰ ਪ੍ਰਮੁੱਖਤਾ ਦੇਣ ਤੇ ਨਾਲ ਹੀ ਰਾਜਨੀਤਕ ਚੇਤੰਨਤਾ ਗ੍ਰਹਿਣ ਕਰਨ।

Type Setting :
Department of Distance Education, Punjabi University, Patiala.